23-FEB-PAGE-1.qxd 2/22/2025 10:35 PM Page 1

ਐਤਵਾਰ, 23 ਫਰਵਰੀ, 2025
12 ਫੱਗਣ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 264

ਰੋਜ਼ਾਨਾ
ਨਵਾਂ ਜ਼ਮਾਨਾ

DAILY NAWAN ZAMANA • SUNDAY, 23 FEBRUARY, 2025
ਜਲੰਧਰ

ਕੀਮਤ/PRICE : 5.00 ਰੁਪਏ | Regd. No : L-4/Pb-JL-0023/2024-26, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 8+6=14

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

You Tube nawan zamana TV

ਐਡਵੋਕੇਟ ਧਾਮੀ ਆਪਣੀਆਂ ਜ਼ਿੰਮੇਵਾਰੀਆਂ ਸੰਭਾਲਣ ਤੇ ਸਾਰੇ ਸੰਜਮ ਤੋਂ ਕੰਮ ਲੈਣ : ਜਥੇਦਾਰ

ਅੰਮ੍ਰਿਤਸਰ : ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਅਸਤੀਫਾ ਵਾਪਸ ਲੈਣ ਅਤੇ ਆਪਣੀਆਂ ਜ਼ਿੰਮੇਵਾਰੀਆਂ ਸਾਂਭਣ ਦੀ ਅਪੀਲ ਕੀਤੀ ਹੈ। ਉਂਜ ਜਥੇਦਾਰ ਨੇ ਸਾਫ ਕਰ ਦਿੱਤਾ ਕਿ ਉਨ੍ਹਾ ਨੂੰ ਸ਼ੁੱਕਰਵਾਰ ਹੀ ਪਤਾ ਲੱਗਾ ਹੈ ਕਿ ਅਕਾਲ ਤਖਤ ਦੇ ਹੁਕਮ ਸਿਰਫ ਇਸ ਦੀ ਚਾਰਦੀਵਾਰੀ ਤੱਕ ਹੀ ਸੀਮਤ ਹਨ।

ਸਨਿੱਚਰਵਾਰ ਸਵੇਰੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੁਝ ਦਿਨਾਂ ਤੋਂ ਲਗਾਤਾਰ ਵਾਪਰ ਰਹੇ ਘਟਨਾਕ੍ਰਮ ਬਾਰੇ ਆਪਣੀ ਚੁੱਪੀ ਤੋੜਦਿਆਂ ਜਥੇਦਾਰ ਨੇ ਕਿਹਾ ਕਿ ਐਡਵੋਕੇਟ ਧਾਮੀ ਨੂੰ ਅਸਤੀਫਾ ਵਾਪਸ ਲੈਣਾ ਚਾਹੀਦਾ ਹੈ ਅਤੇ ਆਪਣੀ ਜ਼ਿੰਮੇਵਾਰੀ ਸੰਭਾਲਣੀ ਚਾਹੀਦੀ ਹੈ। ਜਥੇਦਾਰ ਨੇ ਕਿਹਾ ਕਿ ਅਕਾਲ ਤਖਤ ਵੱਲੋਂ ਉਨ੍ਹਾ ਨੂੰ ਸੱਤ ਮੈਂਬਰੀ ਕਮੇਟੀ ਦੇ ਮੁਖੀ ਵਜੋਂ ਜੋ ਜ਼ਿੰਮੇਵਾਰੀ ਸੌਂਪੀ ਗਈ ਹੈ, ਉਸ ਦਾ ਵੀ ਕੰਮ ਸ਼ੁਰੂ ਕਰਨਾ ਚਾਹੀਦਾ ਹੈ। ਉਨ੍ਹਾ ਕਿਹਾ ਕਿ ਧਾਮੀ ਨੇ ਆਪਣੇ ਅਸਤੀਫੇ ਵਿੱਚ ਜ਼ਿਕਰ ਕੀਤਾ ਹੈ ਕਿ ਉਨ੍ਹਾ ਮੇਰੇ (ਜਥੇਦਾਰ) ਵੱਲੋਂ ਪਾਈ ਇੱਕ ਪੋਸਟ ਦੇ ਆਧਾਰ 'ਤੇ ਨੈਤਿਕ ਜ਼ਿੰਮੇਵਾਰੀ ਲੈਂਦਿਆਂ ਅਸਤੀਫਾ ਦਿੱਤਾ ਹੈ। ਉਨ੍ਹਾ ਕਿਹਾ ਕਿ ਇਹ ਪੋਸਟ ਉਨ੍ਹਾ ਆਪਣੇ ਨਿੱਜੀ ਸੋਸ਼ਲ ਮੀਡੀਆ ਪੇਜ 'ਤੇ ਪਾਈ ਸੀ ਅਤੇ ਕਿਸੇ ਨੂੰ ਆਦੇਸ਼ ਨਹੀਂ ਕੀਤਾ ਸੀ ਤੇ ਇਹ ਉਨ੍ਹਾ ਦੇ ਆਪਣੇ ਮਨ ਦੇ ਵਲਵਲੇ ਸਨ। ਉਨ੍ਹਾ ਕਿਹਾ ਕਿ ਧਾਮੀ ਨੇ ਜਿਵੇਂ ਨੈਤਿਕ ਆਧਾਰ 'ਤੇ ਅਸਤੀਫਾ ਦਿੱਤਾ ਹੈ, ਉਸੇ ਤਰ੍ਹਾਂ ਉਹ ਵੀ ਨੈਤਿਕ ਆਧਾਰ 'ਤੇ ਉਨ੍ਹਾ ਨੂੰ ਅਪੀਲ ਕਰਦੇ ਹਨ ਕਿ ਉਹ ਆਪਣਾ ਅਸਤੀਫਾ ਵਾਪਸ ਲੈ ਕੇ ਪ੍ਰਧਾਨ ਦੀ ਜ਼ਿੰਮੇਵਾਰੀ ਅਤੇ ਸੱਤ ਮੈਂਬਰੀ ਕਮੇਟੀ ਦੇ ਮੁਖੀ ਦੀ ਜ਼ਿੰਮੇਵਾਰੀ ਸੰਭਾਲਣ। ਇੱਕ ਸਵਾਲ ਦੇ ਜਵਾਬ ਵਿੱਚ ਜਥੇਦਾਰ ਨੇ ਕਿਹਾ ਕਿ ਹੋ ਸਕਦਾ ਹੈ ਕਿ ਉਹ ਕਿਸੇ ਦਬਾਅ ਹੇਠ ਹੋਣ, ਕਿਉਂਕਿ ਪਿਛਲੇ ਕੁਝ ਸਮੇਂ ਤੋਂ ਲੱਗ ਰਿਹਾ ਸੀ ਕਿ ਉਹ ਦਬਾਅ ਮਹਿਸੂਸ ਕਰ ਰਹੇ ਹਨ। ਉਹ ਇੱਕ ਇਮਾਨਦਾਰ, ਨਿਤਨੇਮੀ, ਗੁਰੂ ਦੀ ਭੈਅ-ਭਾਵਨਾ ਨੂੰ ਮੰਨਣ ਵਾਲੀ ਚੰਗੀ ਸ਼ਖਸੀਅਤ ਹਨ।

ਜਥੇਦਾਰ ਨੇ ਦੱਸਿਆ ਕਿ ਸ਼ਨਿੱਚਰਵਾਰ ਅੰਤਰਿੰਗ ਕਮੇਟੀ ਦੇ ਮੈਂਬਰ ਮਿਲੇ ਸਨ ਅਤੇ ਸਿੱਖ ਗੁਰਦੁਆਰਾ ਐਕਟ ਦੇ ਮੁਤਾਬਕ ਅਧਿਕਾਰਾਂ ਦੀ ਗੱਲ ਕੀਤੀ। ਉਨ੍ਹਾ ਕਿਹਾ ਕਿ ਐਕਟ ਮੁਤਾਬਕ ਸ਼੍ਰੋਮਣੀ ਕਮੇਟੀ ਨੂੰ ਕਰਮਚਾਰੀਆਂ, ਗ੍ਰੰਥੀਆਂ ਅਤੇ ਜਥੇਦਾਰਾਂ ਦੀ ਨਿਯੁਕਤੀ ਦੇ ਅਧਿਕਾਰ ਪ੍ਰਾਪਤ ਹਨ, ਪਰ ਮੈਂਬਰਾਂ ਨਾਲ ਹੋਈ ਗੱਲਬਾਤ ਨੇ ਉਨ੍ਹਾ ਨੂੰ ਅਹਿਸਾਸ ਕਰਵਾਇਆ ਹੈ ਕਿ ਸ੍ਰੀ ਅਕਾਲ ਤਖਤ ਦੀ ਚਾਰਦੀਵਾਰੀ ਤੱਕ ਹੀ ਸੀਮਤ ਹਨ, ਜਦੋਂ ਕਿ ਉਹ ਸਮਝਦੇ ਸਨ ਕਿ ਅਕਾਲ ਤਖਤ ਵੱਲੋਂ ਕੀਤੇ ਗਏ ਹੁਕਮ ਸਾਰੀ ਦੁਨੀਆ ਵਿੱਚ ਵੱਸਦੇ ਸਿੱਖਾਂ 'ਤੇ ਲਾਗੂ ਹੁੰਦੇ ਹਨ। ਜਥੇਦਾਰ ਦੀ ਇਸ ਗੱਲ ਨੇ ਇਹ ਵੀ ਸਾਬਤ ਕੀਤਾ ਹੈ ਕਿ ਉਹ ਅੰਤਰਿੰਗ ਕਮੇਟੀ ਵੱਲੋਂ ਅਧਿਕਾਰਾਂ ਸੰਬੰਧੀ ਕੀਤੀ ਗਈ ਚਰਚਾ ਤੋਂ ਨਾਖੁਸ਼ ਹਨ।

ਆਪਣੇ ਅਸਤੀਫੇ ਸੰਬੰਧੀ ਚੱਲ ਰਹੀ ਚਰਚਾ ਦੇ ਸੰਦਰਭ ਵਿਚ ਜਥੇਦਾਰ ਰਘਬੀਰ ਸਿੰਘ ਨੇ ਕਿਹਾ ਕਿ ਗੁਰੂ ਨੂੰ ਜੋ ਪ੍ਰਵਾਨ ਹੋਏਗਾ, ਉਸੇ ਮੁਤਾਬਕ ਸਭ ਕੁਝ ਹੋਵੇਗਾ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਸੰਬੰਧੀ ਕੀਤੀਆਂ ਜਾ ਰਹੀਆਂ ਟਿੱਪਣੀਆਂ ਬਾਰੇ ਉਨ੍ਹਾ ਕਿਹਾ ਕਿ ਦੁਖਦਾਈ ਹੈ।

ਉਨ੍ਹਾ ਕਿਹਾ ਕਿ ਸਾਰਿਆਂ ਨੂੰ ਸੰਜਮ ਤੋਂ ਕੰਮ ਲੈਣਾ ਚਾਹੀਦਾ ਹੈ ਅਤੇ ਹਰ ਇੱਕ ਨੂੰ ਇੱਕ-ਦੂਜੇ ਦੇ ਅਹੁਦੇ ਦਾ ਸਤਿਕਾਰ ਕਰਨਾ ਚਾਹੀਦਾ ਹੈ। ਉਨ੍ਹਾ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖਾਂ ਦੀਆਂ ਸਿਰਮੌਰ ਸੰਸਥਾਵਾਂ ਹਨ, ਜੋ ਬਜ਼ੁਰਗਾਂ ਦੀਆਂ ਸ਼ਹੀਦੀਆਂ ਤੋਂ ਬਾਅਦ ਪ੍ਰਾਪਤ ਹੋਈਆਂ ਹਨ। ਇਨ੍ਹਾਂ ਸੰਸਥਾਵਾਂ ਦੀ ਚੜ੍ਹਦੀ ਕਲਾ ਲਈ ਹਰ ਸਿੱਖ ਨੂੰ ਕੰਮ ਕਰਨਾ ਚਾਹੀਦਾ ਹੈ।

ਚੀਨੀ ਵਿਗਿਆਨੀਆਂ ਨੇ ਨਵਾਂ ਚਾਮਚੜਿੱਕ ਕੋਰੋਨਾ ਵਾਇਰਸ ਲੱਭਿਆ

ਜਾਨਵਰਾਂ 'ਚੋਂ ਇਨਸਾਨਾਂ 'ਚ ਪਹੁੰਚਣ ਦਾ ਖਦਸ਼ਾ, ਫਿਲਹਾਲ ਘਬਰਾਉਣ ਦੀ ਲੋੜ ਨਹੀਂ



ਬੀਜਿੰਗ : ਚੀਨੀ ਵਿਗਿਆਨੀਆਂ ਦੀ ਟੀਮ ਨੇ ਨਵੀਂ ਕਿਸਮ ਦੇ ਕੋਰੋਨਾ ਵਾਇਰਸ ਦਾ ਪਤਾ ਲਾਇਆ ਹੈ, ਜਿਸ ਦੇ ਤੇਜ਼ੀ ਨਾਲ ਫੈਲਣ ਦਾ ਜੋਖਮ ਹੋ ਸਕਦਾ ਹੈ। ਇਹ ਵਾਇਰਸ ਵੀ ਪਿਛਲੇ ਵਾਇਰਸ 'ਸਾਰਸ-ਸੀ ਓ ਵੀ-2' ਦੀ ਤਰ੍ਹਾਂ ਚਾਮਚੜਿੱਕਾਂ ਵਿੱਚ ਦੇਖਿਆ ਗਿਆ ਹੈ।

2019 ਦੇ ਆਖਰੀ ਮਹੀਨੇ ਚੀਨ ਤੋਂ ਸ਼ੁਰੂ ਹੋਈ ਨੋਵੇਲ ਕੋਰੋਨਾ ਵਾਇਰਸ ਦੀ ਲਾਗ ਨੇ ਕਰੀਬ ਤਿੰਨ ਸਾਲ ਦੁਨੀਆ ਭਰ ਨੂੰ ਬਿਪਤਾ ਪਾਈ ਰੱਖੀ ਸੀ। ਲਾਗ ਦੇ ਮਾਮਲੇ ਫਿਲਹਾਲ ਕਾਫੀ ਕੰਟਰੋਲ ਵਿੱਚ ਹਨ, ਹਾਲਾਂਕਿ ਸਿਹਤ ਮਾਹਰ ਕਹਿੰਦੇ ਹਨ ਕਿ ਜਿਸ ਤਰ੍ਹਾਂ ਵਾਇਰਸ ਦੀ ਪ੍ਰਕਿਰਤੀ ਰਹੀ ਹੈ, ਇਸ ਵਿੱਚ ਨਵੇਂ ਮਿਊਟੇਸ਼ਨ ਹੋਣ ਤੇ ਕਿਸੇ ਨਵੇਂ ਵੈਰੀਐਂਟ ਦੇ ਆਉਣ ਦੇ ਖਤਰੇ ਨੂੰ ਅਣਡਿੱਠ ਨਹੀਂ ਕੀਤਾ ਜਾ ਸਕਦਾ। ਮਸਲਨ ਕੋਵਿਡ-19 ਦੇ ਮਾਮਲੇ ਭਾਵੇਂ ਹੁਣ ਸਾਹਮਣੇ ਨਹੀਂ ਆ ਰਹੇ, ਫਿਰ ਵੀ ਇਸ ਨੂੰ ਪੂਰੀ ਤਰ੍ਹਾਂ ਖਤਮ ਨਹੀਂ ਮੰਨਿਆ ਜਾ ਸਕਦਾ।

ਚੀਨੀ ਵਿਗਿਆਨੀਆਂ ਨੇ ਜਿਹੜੇ ਨਵੇਂ ਵਾਇਰਸ ਦਾ ਪਤਾ ਲਾਇਆ ਹੈ, ਉਹ ਵੀ ਪਹਿਲਾਂ ਦੀ ਤਰ੍ਹਾਂ ਲਾਗ ਫੈਲਾਉਣ ਲਈ ਮਨੁੱਖੀ ਰਿਸੈਪਟਰ ਦੀ ਵਰਤੋਂ ਕਰਦਾ ਹੈ। ਮਾਹਰਾਂ ਨੇ ਸੰਭਾਵਤ ਖਤਰੇ ਨੂੰ ਲੈ ਕੇ ਸਭ ਨੂੰ ਅਲਰਟ ਕੀਤਾ ਹੈ।

ਚੀਨੀ ਵਿਗਿਆਨੀਆਂ ਮੁਤਾਬਕ ਐੱਚ ਕੇ ਯੂ 5-ਕੋਵ-2 ਨਾਂਅ ਦਾ ਨਵਾਂ ਵਾਇਰਸ ਮਨੁੱਖਾਂ ਵਿੱਚ ਤੇਜ਼ੀ ਨਾਲ ਫੈਲਣ ਤੇ ਗੰਭੀਰ ਰੋਗਾਂ ਦਾ ਖਤਰਾ ਵਧਾਉਣ ਵਾਲਾ ਹੋ ਸਕਦਾ ਹੈ।

ਵਾਇਰਸ ਵਿਗਿਆਨੀ ਸ਼ੀ ਜ਼ੋਂਗਲੀ ਦੀ ਅਗਵਾਈ ਵਾਲੀ ਟੀਮ ਨੇ ਵੂਹਾਨ ਇੰਸਟੀਚਿਊਟ ਆਫ ਵਾਇਰੋਲੋਜੀ ਵਿੱਚ ਨਵੇਂ ਵਾਇਰਸ ਦੀ ਖੋਜ ਕੀਤੀ ਹੈ। ਪਹਿਲਾ ਵਾਇਰਸ ਇਸ ਲੈਬੋਰੇਟਰੀ 'ਚੋਂ ਹੀ ਲੀਕ ਹੋਣ ਦੇ ਦੋਸ਼ ਲੱਗੇ ਸਨ। ਜ਼ੋਂਗਲੀ ਨੂੰ ਕੋਰੋਨਾ ਵਾਇਰਸ 'ਤੇ ਕੰਮ ਲਈ 'ਬੈਟਵੂਮੈਨ' ਦੇ ਨਾਂਅ ਨਾਲ ਵੀ ਜਾਣਿਆ ਜਾਂਦਾ ਹੈ। ਮਾਹਰਾਂ ਦੀ ਟੀਮ ਨੇ ਦੱਸਿਆ ਕਿ ਨਵਾਂ ਵਾਇਰਸ ਮੈਰਬੇਕੋਵਾਇਰਸ ਸਬ ਜੀਨਜ਼ ਨਾਲ ਸੰਬੰਧਤ ਹੈ। ਮਿਡਲ ਈਸਟ ਰੈਸਪੀਰੇਟਰੀ ਸਿੰਡਰੋਮ (ਮਰਸ) ਨੂੰ ਵੀ ਇਸੇ ਨਾਲ ਸੰਬੰਧਤ ਮੰਨਿਆ ਜਾਂਦਾ ਰਿਹਾ ਹੈ। ਇਸ ਨਵੇਂ ਵਾਇਰਸ ਦੀ ਪ੍ਰਕਿਰਤੀ ਨੂੰ ਲੈ ਕੇ ਰਸਾਲੇ 'ਸੇਲ' ਵਿੱਚ ਪ੍ਰਕਾਸ਼ਤ ਇੱਕ ਪੇਪਰ 'ਚ ਵਿਗਿਆਨੀਆਂ ਨੇ ਲਿਖਿਆ ਹੈ ਕਿ 'ਬੈਟ ਮੈਰਬੇਕੋਵਾਇਰਸ (ਐੱਚ ਕੇ ਯੂ 5-ਕੋਵ-2), ਜਿਹੜਾ ਜੈਨੇਟਿਕ ਤੌਰ 'ਤੇ ਮਰਸ-ਕੋਵ ਨਾਲ ਸੰਬੰਧਤ ਹੈ, ਮਨੁੱਖਾਂ ਵਿੱਚ ਫੈਲਣ ਦਾ ਉੱਚ ਜੋਖਮ ਪੈਦਾ ਕਰਦਾ ਹੈ। ਵਾਇਰਸ ਦੀ ਸੰਰਚਨਾ ਤੇ ਸਮਰਥਾਵਾਂ ਦੇ ਵਿਸ਼ਲੇਸ਼ਣ ਤੋਂ ਸੰਕੇਤ ਮਿਲਦਾ ਹੈ ਕਿ ਇਹ ਸਾਹ ਤੰਤਰ ਤੇ ਛੋਟੀ ਅੰਤੜੀ ਵਿੱਚ ਸੰਕਰਮਣ ਵਧਾਉਣ ਵਾਲਾ ਹੋ ਸਕਦਾ ਹੈ। ਅਧਿਐਨਕਰਤਿਆਂ ਨੇ ਕਿਹਾ ਹੈ ਕਿ ਇਹ ਜ਼ਰੂਰ ਇੱਕ ਕਿਸਮ ਦਾ ਨਵਾਂ ਕੋਰੋਨਾ ਵਾਇਰਸ ਹੈ, ਪਰ ਇਨਸਾਨਾਂ ਵਿੱਚ ਇਸ ਦੇ ਫੈਲਣ ਦੇ ਜੋਖਮਾਂ ਨੂੰ ਵਧਾ-ਚੜ੍ਹਾ ਕੇ ਨਹੀਂ ਦੱਸਿਆ ਜਾਣਾ ਚਾਹੀਦਾ। ਮੁੱਢਲੀ ਖੋਜ ਤੋਂ ਪਤਾ ਚਲਦਾ ਹੈ ਕਿ ਭਲੇ ਹੀ ਇਹ ਹਿਊਮਨ ਰਿਸੈਪਟਰ ਏ ਸੀ ਈ-2 ਨਾਲ ਬੱਝਾ ਹੋ ਸਕਦਾ ਹੈ, ਪਰ ਸਾਰਸ-ਕੋਵ-2 ਦੀ ਤੁਲਨਾ 'ਚ ਕਮਜ਼ੋਰ ਬੱਝਾ ਹੈ। ਫਿਲਹਾਲ ਇਸ ਦੀ ਪ੍ਰਕਿਰਤੀ ਨੂੰ ਵਿਸਥਾਰ ਵਿੱਚ ਸਮਝਿਆ ਜਾਣਾ ਅਜੇ ਬਾਕੀ ਹੈ, ਇਸ ਲਈ ਸ਼ੁਰੂਆਤੀ ਸਥਿਤੀਆਂ ਤੋਂ ਭਵਿੱਖ ਦੇ ਖਤਰੇ ਨੂੰ ਲੈ ਕੇ ਬਹੁਤ ਜ਼ਿਆਦਾ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ। ਨਵਾਂ ਕੋਰੋਨਾ ਵਾਇਰਸ ਕੀ ਇੱਕ ਹੋਰ ਮਹਾਂਮਾਰੀ ਦਾ ਕਾਰਨ ਬਣਨ ਜਾ ਰਿਹਾ ਹੈ? ਮਿਨੇਸੋਟਾ ਯੂਨੀਵਰਸਿਟੀ ਦੇ ਲਾਗ ਰੋਗ ਮਾਹਰ ਡਾ. ਮਾਈਕਲ ਓਸਟਰਹੋਮ ਦਾ ਕਹਿਣਾ ਹੈ ਕਿ ਅਜਿਹਾ ਕਹਿਣਾ ਅਜੇ ਅਸੰਭਵ ਹੋਵੇਗਾ। ਜਦੋਂ 2019 ਵਿੱਚ ਕੋਰੋਨਾ ਵਾਇਰਸ ਫੈਲਿਆ ਸੀ, ਉਸ ਦੀ ਤੁਲਨਾ ਵਿੱਚ ਲੋਕ ਹੁਣ ਸਾਰਸ ਤੇ ਮਰਸ ਵਾਇਰਸ ਦੇ ਟਾਕਰੇ ਲਈ ਕਾਫੀ ਤਕੜੇ ਹੋ ਚੁੱਕੇ ਹਨ। ਨਵੇਂ ਵਾਇਰਸ ਨਾਲ ਮਹਾਂਮਾਰੀ ਦਾ ਖਦਸ਼ਾ ਫਿਲਹਾਲ ਨਹੀਂ ਹੈ। ਹਾਲਾਂਕਿ ਵਾਇਰਸ ਕਿੰਨਾ ਖਤਰਨਾਕ ਹੋ ਸਕਦਾ ਹੈ, ਇਸ ਨੂੰ ਸਮਝਿਆ ਜਾਣਾ ਅਜੇ ਬਾਕੀ ਹੈ।

ਹਰਮਨਦੀਪ ਦੀ ਨਿਸ਼ਾਨਦੇਹੀ 'ਤੇ ਹੋਰ ਦੋ ਕਿੱਲੋ ਹੈਰੋਇਨ ਬਰਾਮਦ

ਅੰਮ੍ਰਿਤਸਰ : ਕਾਊਂਟਰ ਇੰਟੈਲੀਜੈਂਸ ਪੁਲਸ ਨੇ ਹਰਮਨਦੀਪ ਸਿੰਘ ਦੀ ਨਿਸ਼ਾਨਦੇਹੀ 'ਤੇ ਹੋਰ ਦੋ ਕਿੱਲੋ ਹੈਰੋਇਨ ਬਰਾਮਦ ਕੀਤੀ ਹੈ ਅਤੇ ਹੁਣ ਤੱਕ ਇਸ ਮਾਮਲੇ ਵਿੱਚ 15 ਕਿੱਲੋ ਹੈਰੋਇਨ ਬਰਾਮਦ ਕੀਤੀ ਜਾ ਚੁੱਕੀ ਹੈ। ਡੀ ਜੀ ਪੀ ਗੌਰਵ ਯਾਦਵ ਨੇ ਦੱਸਿਆ ਕਿ ਇਹ ਹੈਰੋਇਨ ਪਿੰਡ ਬੋਪਾਰਾਏ ਬਾਜ ਸਿੰਘ ਨੇੜੇ ਨਹਿਰ ਦੇ ਕੋਲ ਲੁਕਾਈ ਹੋਈ ਸੀ। ਹਰਮਨਦੀਪ ਸਿੰਘ ਕੋਲੋਂ ਕੀਤੀ ਜਾ ਰਹੀ ਪੁੱਛ-ਪੜਤਾਲ ਦੌਰਾਨ ਉਸ ਦੇ ਹੈਰੋਇਨ ਤਸਕਰੀ ਨਾਲ ਜੁੜੇ ਵਿਅਕਤੀਆਂ ਨਾਲ ਸੰਬੰਧਾਂ ਬਾਰੇ ਪਤਾ ਲਾਇਆ ਜਾ ਰਿਹਾ ਹੈ।

ਸਕੂਟਰੀ ਸੜ ਕੇ ਤਬਾਹ

ਰੂਪਨਗਰ : ਘਨੌਲੀ ਨੇੜੇ ਐੱਸ ਵਾਈ ਐੱਲ ਨਹਿਰ ਕੰਢੇ ਸਨਿੱਚਰਵਾਰ ਸਕੂਟਰੀ ਅਚਾਨਕ ਅੱਗ ਲੱਗਣ ਨਾਲ ਤਬਾਹ ਹੋ ਗਈ। ਛੱਜੂ ਰਾਮ ਨੇ ਦੱਸਿਆ ਕਿ ਉਹ ਪਿੰਡ ਘਨੌਲੀ ਤੋਂ ਡੰਗੋਲੀ ਸਥਿਤ ਭੱਠੇ ਤੋਂ ਇੱਟਾਂ ਖਰੀਦਣ ਲਈ ਜਾ ਰਿਹਾ ਸੀ, ਜਦੋਂ ਪਿੰਡ ਮਕੌੜੀ ਨੇੜੇ ਐੱਸ ਵਾਈ ਐੱਲ ਨਹਿਰ ਕੋਲ ਪੁੱਜਿਆ ਤਾਂ ਸਕੂਟਰੀ ਨੂੰ ਅਚਾਨਕ ਅੱਗ ਲੱਗ ਗਈ। ਉਸ ਨੇ ਮਿੱਟੀ ਪਾ ਕੇ ਅੱਗ ਬੁਝਾਉਣ ਦੀ ਕੋਸ਼ਿਸ਼ ਕੀਤੀ, ਪਰ ਅੱਗ 'ਤੇ ਕਾਬੂ ਨਾ ਪਾਇਆ ਜਾ ਸਕਿਆ ਅਤੇ ਦੇਖਦਿਆਂ ਹੀ ਦੇਖਦਿਆਂ ਸਕੂਟਰੀ ਸੜ ਕੇ ਤਬਾਹ ਹੋ ਗਈ।

ਜੇਲ੍ਹ 'ਚੋਂ ਸੀ ਐੱਮ ਨੂੰ ਧਮਕੀ

ਜੈਪੁਰ : ਦੌਸਾ ਦੀ ਸਲਾਵਾਸ ਜੇਲ੍ਹ ਦੇ ਇੱਕ ਕੈਦੀ ਨੇ ਸ਼ੁੱਕਰਵਾਰ ਰਾਤ ਰਾਜਸਥਾਨ ਦੇ ਮੁੱਖ ਮੰਤਰੀ ਭਜਨ ਲਾਲ ਸ਼ਰਮਾ ਨੂੰ ਕਥਿਤ ਤੌਰ 'ਤੇ ਜਾਨੋਂ ਮਾਰਨ ਦੀ ਧਮਕੀ ਦਿੱਤੀ। ਪੁਲਸ ਨੇ ਦੱਸਿਆ ਕਿ ਜਬਰ-ਜ਼ਨਾਹ ਦੇ ਮਾਮਲੇ ਵਿੱਚ ਉਮਰ ਕੈਦ ਦੀ ਸਜ਼ਾ ਕੱਟ ਰਹੇ 29 ਸਾਲਾ ਰਿਕੂ ਨੇ ਜੈਪੁਰ ਪੁਲਸ ਕੰਟਰੋਲ ਰੂਮ ਨੂੰ ਫੋਨ ਕੀਤਾ ਅਤੇ ਮੁੱਖ ਮੰਤਰੀ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ। ਪੁਲਸ ਨੇ ਸਲਾਵਾਸ ਜੇਲ੍ਹ ਵਿੱਚ ਕਾਲ ਕਰਨ ਲਈ ਵਰਤੇ ਗਏ ਮੋਬਾਇਲ ਫੋਨ ਦੀ ਲੋਕੇਸ਼ਨ ਟਰੇਸ ਕਰ ਲਈ ਅਤੇ ਤੜਕੇ 3 ਵਜੇ ਤੋਂ ਸਵੇਰੇ 7 ਵਜੇ ਤੱਕ ਜੇਲ੍ਹ ਵਿੱਚ ਵੱਡੇ ਪੱਧਰ 'ਤੇ ਤਲਾਸ਼ੀ ਦੌਰਾਨ ਫੋਨ ਬਰਾਮਦ ਕਰ ਲਿਆ। ਮਾਮਲੇ ਦੀ ਹੋਰ ਜਾਂਚ ਕੀਤੀ ਜਾ ਰਹੀ ਸੀ।

ਫਰਾਹ ਖਾਨ ਖਿਲਾਫ ਸ਼ਿਕਾਇਤ

ਮੁੰਬਈ : ਹੋਲੀ ਨੂੰ ਕਥਿਤ ਤੌਰ 'ਤੇ 'ਗਵਾਰਾਂ ਦਾ ਤਿਉਹਾਰ' ਦੱਸਣ 'ਤੇ ਫਿਲਮ ਨਿਰਮਾਤਾ ਤੇ ਨਿਰਦੇਸ਼ਕ ਫਰਾਹ ਖਾਨ ਖਿਲਾਫ ਅਪਰਾਧਕ ਸ਼ਿਕਾਇਤ ਦਰਜ ਕੀਤੀ ਗਈ ਹੈ। ਸ਼ਿਕਾਇਤ ਕਰਨ ਵਾਲੇ ਵਿਕਾਸ ਜੈਰਾਮ ਪਾਠਕ (45) ਉਰਫ ਹਿੰਦੁਸਤਾਨੀ ਭਾਊ ਨੇ ਦੋਸ਼ ਲਾਇਆ ਹੈ ਕਿ ਵੀਰਵਾਰ ਨੂੰ ਇੱਕ ਟੀ ਵੀ ਸ਼ੋਅ ਦੌਰਾਨ ਫਰਾਹ ਖਾਨ ਵੱਲੋਂ ਕੀਤੀ ਗਈ 'ਛਪਰੀ' ਟਿੱਪਣੀ ਨੇ ਹਿੰਦੂਆਂ ਦੀਆਂ ਧਾਰਮਕ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ। ਖਾਰ ਪੁਲਸ ਥਾਣੇ ਦੇ ਅਧਿਕਾਰੀ ਨੇ ਕਿਹਾ ਕਿ ਅਜੇ ਤੱਕ ਕੋਈ ਐੱਫ ਆਈ ਆਰ ਦਰਜ ਨਹੀਂ ਕੀਤੀ ਗਈ, ਜਾਂਚ ਜਾਰੀ ਹੈ।

ਸੁਰੰਗ ਧਮਾਕੇ 'ਚ ਜਵਾਨ ਜ਼ਖਮੀ

ਜੰਮੂ : ਪੁਣਛ ਜ਼ਿਲ੍ਹੇ 'ਚ ਸਨਿੱਚਰਵਾਰ ਕੰਟਰੋਲ ਰੇਖਾ ਨੇੜੇ ਬਾਰੂਦੀ ਸੁਰੰਗ ਧਮਾਕੇ ਕਾਰਨ ਇੱਕ ਫੌਜੀ ਜਵਾਨ ਜ਼ਖਮੀ ਹੋ ਗਿਆ। ਧਮਾਕਾ ਸਵੇਰੇ 10.50 ਵਜੇ ਮੇਂਢਰ ਦੇ ਕ੍ਰਿਸ਼ਨਾ ਘਾਟੀ ਸੈਕਟਰ ਦੇ ਨਾਂਗੀ-ਟਾਕੇਰੀ ਖੇਤਰ ਵਿੱਚ ਉਦੋਂ ਹੋਇਆ, ਜਦੋਂ ਜਵਾਨ ਗਸ਼ਤ ਕਰ ਰਹੇ ਸਨ।

ਟੁੱਟੀ ਸੀਟ ਦੇਣ 'ਤੇ ਕੇਂਦਰੀ ਮੰਤਰੀ ਵੱਲੋਂ ਏਅਰ ਇੰਡੀਆ ਦੀ ਖਿਚਾਈ

ਭੋਪਾਲ : ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਸਨਿੱਚਰਵਾਰ ਟੁੱਟੀ ਅਤੇ ਦੱਬੀ ਸੀਟ ਅਲਾਟ ਕਰਨ ਲਈ ਏਅਰ ਇੰਡੀਆ ਦੀ ਨਿੰਦਾ ਕੀਤੀ। ਉਨ੍ਹਾ ਇਸ ਨੂੰ ਅਨੈਤਿਕ ਕਰਾਰ ਦਿੰਦਿਆਂ ਕਿਹਾ ਏਅਰਲਾਈਨ ਯਾਤਰੀਆਂ ਤੋਂ ਪੂਰਾ ਕਿਰਾਇਆ ਵਸੂਲਦੀ ਹੈ, ਫਿਰ ਉਨ੍ਹਾਂ ਨੂੰ ਨੁਕਸਾਨੀਆਂ ਸੀਟਾਂ 'ਤੇ ਬੈਠਣ ਲਈ ਮਜਬੂਰ ਕਰਦੀ ਹੈ।

ਚੌਹਾਨ ਨੇ 'ਐੱਕਸ' 'ਤੇ ਆਪਣਾ ਅਨੁਭਵ ਸਾਂਝਾ ਕ

23-FEB-PAGE-1.qxd 2/22/2025 10:36 PM Page 2

ਮੰਦਬੁੱਧੀ ਵਿਅਕਤੀ ਨੂੰ ਠੀਕ ਹੋਣ ਉਪਰੰਤ ਕੀਤਾ ਪਰਵਾਰ ਹਵਾਲੇ

ਸੰਗਰੂਰ (ਪ੍ਰਵੀਨ ਸਿੰਘ)- ਪਿੰਗਲਵਾੜਾ ਸੰਗਰੂਰ ਬ੍ਰਾਂਚ ਲਵਾਰਿਸ ਤੇ ਬੇਸਹਾਰਾ ਵਿਅਕਤੀਆਂ ਦੀ ਦੇਖਭਾਲ ਕਰਕੇ ਉਨ੍ਹਾਂ ਦੇ ਰਾਜ਼ੀ ਹੋਣ ਉਪਰੰਤ ਮੁੜ ਪਰਵਾਰਾਂ ਨਾਲ ਜੋੜਨ ਲਈ ਸਦਾ ਯਤਨਸ਼ੀਲ ਰਹਿੰਦੀ ਹੈ। ਪਿੰਗਲਵਾੜਾ ਬ੍ਰਾਂਚ ਸੰਗਰੂਰ ਦੇ ਮੁੱਖ ਪ੍ਰਬੰਧਕ ਤ੍ਰਿਲੋਚਨ ਸਿੰਘ ਚੀਮਾਂ ਨੇ ਦੱਸਿਆ ਕਿ ਇਸੇ ਪਰੰਪਰਾ ਨੂੰ ਅੱਗੇ ਤੋਰਦਿਆਂ ਪਿਛਲੇ ਦਿਨੀਂ ਇਕ ਮੰਦਬੁੱਧੀ ਨੂੰ ਠੀਕ ਕਰਕੇ ਉਸਦੇ ਪਰਵਾਰ ਹਵਾਲੇ ਕਰ ਦਿੱਤਾ। ਸ਼੍ਰੀ ਚੀਮਾ ਨੇ ਦੱਸਿਆ ਕਿ ਸ਼ਾਹ ਸਤਨਾਮ ਜੀ ਗਰੀਨ ਵੈਲਫ਼ੇਅਰ ਸੰਸਥਾ ਦੇ ਮੈਂਬਰ ਇਕ ਮੰਦਬੁੱਧੀ ਪ੍ਰਕਾਸ਼ ਨਾਮੀ ਵਿਅਕਤੀ ਨੂੰ ਪਿਛਲੇ ਸਾਲ 29 ਦਸੰਬਰ ਨੂੰ ਪਿੰਗਲਵਾੜਾ ਬ੍ਰਾਂਚ ਸੰਗਰੂਰ ਵਿਖੇ ਦਾਖਲ ਕਰਾ ਕੇ ਗਏ ਸਨ। ਸੰਸਥਾ ਦੇ ਮੈਂਬਰਾਂ ਨੂੰ ਇਹ ਮੰਦਬੁੱਧੀ ਵਿਅਕਤੀ ਬੱਸ ਸਟੈਂਡ ਸੰਗਰੂਰ ਵਿਖੇ ਲਵਾਰਸ ਹਾਲਤ ਵਿਚ ਪਿਆ ਮਿਲਿਆ ਸੀ। ਸ਼੍ਰੀ ਚੀਮਾ ਨੇ ਅੱਗੇ ਦੱਸਿਆ ਕਿ ਪਿੰਗਲਵਾੜਾ ਸੰਸਥਾ ਵਿਖੇ ਇਸ ਵਿਅਕਤੀ ਦਾ ਚੰਗੀ ਤਰ੍ਹਾਂ ਇਲਾਜ ਕਰਾਇਆ ਗਿਆ ਅਤੇ ਸੰਸਥਾ ਰਾਹੀਂ ਕੀਤੀ ਚੰਗੀ ਦੇਖਭਾਲ ਤੇ ਇਲਾਜ ਸਦਕਾ ਜਦੋਂ ਇਹ ਮਰੀਜ਼ ਠੀਕ ਹੋ ਗਿਆ ਤਾਂ ਇਸਨੇ ਆਪਣੇ ਘਰ ਦਾ ਪਤਾ ਪਿੰਡ ਲਾਲਾ ਕਾ ਪੁਰਵਾ ਵਾਰਡ ਨੰ: 3 ਸ਼ੰਕਰਗੜ੍ਹ ਯੂ.ਪੀ. ਦੱਸਿਆ, ਜਿਸ ਨੂੰ 20 ਫ਼ਰਵਰੀ ਨੂੰ ਇਸਦਾ ਭਾਣਜਾ ਅਭਿਸ਼ੇਕ ਮਿਸ਼ਰਾ ਪੁੱਤਰ ਸੁਨੀਲ ਮਿਸ਼ਰਾ ਲੈਣ ਪਿੰਗਲਵਾੜਾ ਬ੍ਰਾਂਚ ਸੰਗਰੂਰ ਵਿਖੇ ਪਹੁੰਚੇ। ਪਰਵਾਰਕ ਮੈਂਬਰਾਂ ਨੇ ਇਸ ਸਭ ਲਈ ਪਿੰਗਲਵਾੜਾ ਸੰਸਥਾ ਦਾ ਧੰਨਵਾਦ ਕੀਤਾ। ਇਸ ਮੌਕੇ ਸਹਾਇਕ ਪ੍ਰਬੰਧਕ ਹਰਜੀਤ ਸਿੰਘ ਅਰੋੜਾ, ਮਾਸਟਰ ਸੱਤਪਾਲ ਸ਼ਰਮਾ, ਜਰਨੈਲ ਸਿੰਘ ਤੇ ਗੁਰਮੇਲ ਸਿੰਘ ਆਦਿ ਹਾਜ਼ਰ ਸਨ।

ਵਿਧਾਇਕਾ ਨੇ ਸੱਦਾ ਸਿੰਘ ਵਾਲਾ 'ਚ ਇੰਟਰਲਾਕ ਟਾਈਲਾਂ ਲਾਉਣ ਦਾ ਕੰਮ ਸ਼ੁਰੂ ਕਰਾਇਆ

ਮੋਗਾ (ਇਕਬਾਲ ਸਿੰਘ ਖਹਿਰਾ)-ਮੋਗਾ ਜ਼ਿਲ੍ਹੇ ਦੇ ਪਿੰਡ ਸੱਦਾ ਸਿੰਘ ਵਾਲਾ ਵਿਖੇ 21 ਲੱਖ ਰੁਪਏ ਦ ਲਾਗਤ ਨਾਲ ਪਿੰਡ ਦੀ ਇੰਟਰਲਾਕ ਟਾਈਲਾਂ ਨਾਲ ਬਣਨ ਵਾਲੀ ਗਲੀਆਂ ਦਾ ਉਦਘਾਟਨ ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਵੱਲੋਂ ਪਿੰਡ ਦੀ ਸਰਪੰਚ ਪਰਮਜੀਤ ਕੌਰ ਤੇ ਸਮੂਹ ਪੰਚਾਇਤ ਦੇ ਨਾਲ ਕੀਤਾ।ਇਸ ਮੌਕੇ ਸਰਪੰਚ ਪਰਮਜੀਤ ਕੌਰ, ਪੰਚਾਇਤ ਮੈਂਬਰ ਗੁਰਤੇਜ ਸਿੰਘ, ਬਲਾਕ ਪ੍ਰਧਾਨ ਸੁਖਚੈਨ ਸਿੰਘ, ਸਾਬਕਾ ਸਰਪੰਚ ਰਾਮ ਸਿੰਘ, ਬਲਕਰਨ ਸਿੰਘ ਦੇ ਇਲਾਵਾ ਪਿੰਡ ਨਿਵਾਸੀ ਮੌਜੂਦ ਸਨ।ਇਸ ਮੌਕੇ ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਦਾ ਪਿੰਡ ਵਿਖੇ ਪੁੱਜਣ 'ਤੇ ਪਿੰਡ ਵਾਸੀਆ ਵੱਲੋਂ ਸਿਰੋਪਾ ਪਾ ਕੇ ਸੁਆਗਤ ਕੀਤਾ।ਇਸ ਮੌਤੇ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਹਲਕੇ ਦੇ ਲੋਕਾਂ ਦੀਆਂ ਸਮਸੱਸਿਆਵਾਂ ਨੂੰ ਸੁਣਦੇ ਕਿਹਾ ਕਿ ਪਿੰਡ ਦੇ ਜੋ ਵੀ ਕੰਮ ਅਧੂਰੇ ਰਹਿੰਦੇ ਹਨ, ਉਨ੍ਹਾਂ ਨੂੰ ਜਲਦੀ ਤੋਂ ਜਲਦੀ ਪੂਰਾ ਕਰਵਾਇਆ ਜਾਵੇਗਾ।ਉਨ੍ਹਾਂ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਤੋਂ ਵੱਧ ਤੋਂ ਵੱਧ ਗ੍ਰਾਂਟ ਲਿਆ ਕੇ ਪਿੰਡਾਂ ਦੀ ਨੁਹਾਰ ਨੂੰ ਬਦਲਿਆ ਜਾਵੇਗਾ ਤੇ ਨੁਹਾਰ ਨੂੰ ਬਦਲਿਆ ਵੀ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਜੇਕਰ ਕਿਸੇ ਨੂੰ ਕਿਸੇ ਪ੍ਰਕਾਰ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤਾਂ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਜਾਵੇ, ਜਿਸ ਦਾ ਪਹਿਲ ਦੇ ਅਧਾਰ 'ਤੇ ਹੱਲ ਕੀਤਾ ਜਾਵੇਗਾ।ਇਸ ਮੌਕੇ ਸਰਪੰਚ ਪਰਮਜੀਤ ਕੌਰ ਨੇ ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਦਾ ਵਿਕਾਸ ਕਾਰਜਾਂ ਦੀ ਸ਼ੁਰੂਆਤ ਕਰਨ 'ਤੇ ਧੰਨਵਾਦ ਕੀਤਾ।

'ਬੇਟੀ ਬਚਾਓ ਬੇਟੀ ਪੜ੍ਹਾਓ' ਸਕੀਮ ਤਹਿਤ ਖਿਡਾਰਨਾਂ ਨੂੰ ਖੇਡ ਕਿੱਟਾਂ ਦੀ ਵੰਡ

ਸੰਗਰੂਰ (ਪ੍ਰਵੀਨ ਸਿੰਘ)-ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਧੀਆਂ ਨੂੰ ਸਮਾਜ ਵਿਚ ਬਣਦਾ ਮਾਣ-ਸਨਮਾਨ ਦਿਵਾਉਣ ਤੇ ਉਨਾਂ ਦੇ ਚੰਗੇ ਪਾਲਣ-ਪੋਸ਼ਣ ਲਈ 'ਬੇਟੀ ਬਚਾਓ, ਬੇਟੀ ਪੜ੍ਹਾਓ' ਮੁਹਿੰਮ ਤਹਿਤ ਵੱਖ-ਵੱਖ ਤਰਾਂ ਦੇ ਉਪਰਾਲੇ ਕੀਤੇ ਜਾ ਰਹੇ ਹਨ।ਇਹ ਪ੍ਰਗਟਾਵਾ ਡਿਪਟੀ ਕਮਿਸ਼ਨਰ ਸ੍ਰੀ ਸੰਦੀਪ ਰਿਸ਼ੀ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ 'ਬੇਟੀ ਬਚਾਓ ਬੇਟੀ ਪੜ੍ਹਾਓ' ਸਕੀਮ ਤਹਿਤ ਖੇਡ ਵਿਭਾਗ ਸੰਗਰੂਰ ਦੇ ਕੋਚਿੰਗ ਸੈਂਟਰਾਂ ਵਿੱਚ ਵੱਖ-ਵੱਖ ਖੇਡਾਂ ਦਾ ਅਭਿਆਸ ਕਰ ਰਹੀਆਂ ਖਿਡਾਰਨਾਂ ਨੂੰ ਖੇਡ ਕਿੱਟਾਂ ਦੀ ਵੰਡ ਦੌਰਾਨ ਕੀਤਾ ਗਿਆ।ਉਨ੍ਹਾਂ ਦੱਸਿਆ ਕਿ ਸਾਡੀਆਂ ਇਹ ਹੋਣਹਾਰ ਖਿਡਾਰਨਾਂ ਆਉਣ ਵਾਲੇ ਸਮੇਂ ਵਿੱਚ ਕੌਮੀ ਤੇ ਕੌਮਾਂਤਰੀ ਪੱਧਰ ਉੱਤੇ ਵੱਡੀਆਂ ਖੇਡ ਪ੍ਰਾਪਤੀਆਂ ਦਰਜ ਕਰਨ ਦੇ ਸਮਰੱਥ ਬਣਨਗੀਆਂ ਤੇ ਜ਼ਿਲ੍ਹਾ ਪ੍ਰਸ਼ਾਸਨ ਇਹਨਾਂ ਨੂੰ ਸਰਵੋਤਮ ਸੁਵਿਧਾਵਾਂ ਦੇਣ ਲਈ ਯਤਨਸ਼ੀਲ ਹੈ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਟਰੈਕ ਸੂਟ ਤੇ ਸਪੋਰਟਸ ਸ਼ੂਜ਼ ਇਨ੍ਹਾਂ ਖਿਡਾਰਨਾਂ ਦੇ ਮਨੋਬਲ ਨੂੰ ਉੱਚਾ ਚੁੱਕਣ ਅਤੇ ਖੇਡ ਦਿਲਚਸਪੀ ਵਿੱਚ ਵਾਧਾ ਕਰਨ ਦਾ ਜਰੀਆ ਬਣਨਗੇ।ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਅਮਿਤ ਬੈਂਬੀ ਨੇ ਖਿਡਾਰਨਾਂ ਨੂੰ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਅਭਿਆਸ ਨੂੰ ਲਗਾਤਾਰ ਜਾਰੀ ਰੱਖਣ ਲਈ ਪ੍ਰੇਰਿਤ ਕੀਤਾ।

ਰੋਜ਼ਗਾਰ ਮੇਲੇ 'ਚ 176 ਸਿਖਿਆਰਥੀਆਂ ਨੇ ਕੀਤੀ ਸ਼ਮੂਲੀਅਤ, 46 ਸਿਖਿਆਰਥੀ ਕੀਤੇ ਸ਼ਾਰਟਲਿਸਟ

ਮਾਨਸਾ (ਆਤਮਾ ਸਿੰਘ ਪਮਾਰ)-ਡਾਇਰੈਕਟਰ ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਵਿਭਾਗ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸਿਖਿਆਰਥੀਆਂ ਨੂੰ ਵੱਧ ਤੋਂ ਵੱਧ ਰੋਜ਼ਗਾਰ ਦਿਵਾਉਣ ਹਿੱਤ ਸਰਕਾਰੀ ਆਈ.ਟੀ.ਆਈ. ਮਾਨਸਾ ਵਿਖੇ ਅਪ੍ਰੈਂਟਿਸ਼ਿਪ/ਰੋਜ਼ਗਾਰ ਮੇਲਾ ਲਾਇਆ ਗਿਆ।ਸੰਸਥਾ ਪ੍ਰਿੰਸੀਪਲ ਗੁਰਮੇਲ ਸਿੰਘ ਮਾਖਾ ਨੇ ਦੱਸਿਆ ਕਿ ਸਿਖਿਆਰਥੀਆਂ ਨੂੰ ਰੁਜ਼ਗਾਰ ਮੁਹੱਈਆ ਕਰਾਉਣ ਵਿਚ ਰੋਜ਼ਗਾਰ ਮੇਲੇ ਸਹਾਈ ਸਿੱਧ ਹੁੰਦੇ ਹਨ, ਜਿਸ ਵਿਚ ਸੰਸਥਾ ਸਿਖਿਆਰਥੀਆਂ ਅਤੇ ਵੱਖ ਵੱਖ ਨਾਮੀ ਇੰਡਸਟੀਜ਼ ਵਿਚਕਾਰ ਇਕ ਕੜੀ ਦਾ ਕੰਮ ਕਰਦੀ ਹੈ। ਉਨ੍ਹਾਂ ਕਿਹਾ ਕਿ ਸਿਖਿਆਰਥੀਆਂ ਨੂੰ ਹੁਨਰਮੰਦ ਬਣਾਉਣ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਸੰਸਥਾ ਹਮੇਸ਼ਾ ਵਚਨਬੱਧ ਹੈ।ਪਲੇਸਮੈਂਟ ਅਫਸਰ ਜਸਪਾਲ ਸਿੰਘ ਨੇ ਦੱਸਿਆ ਕਿ ਸਵਰਾਜ ਇੰਜਨ ਲਿਮ: ਮੋਹਾਲੀ ਦੇ ਐੱਚ. ਆਰ ਵਿਭਾਗ ਵੱਲੋਂ ਅਜੈ ਸਿੰਘ, ਗੁਰਪ੍ਰੀਤ ਸਿੰਘ ਤੇ ਅਵਿਨਾਸ਼ ਭੰਮਾ ਕੁਆਲਟੀ ਮੈਨੇਜਰ, ਜੀ ਐੱਸ. ਅਲਾਏ ਇੰਡਸਟਰੀ ਪਟਿਆਲਾ ਵੱਲੋਂ ਪਰਮਜੋਤ ਸਿੰਘ ਸੁਪਰਵਾਈਜ਼ਰ ਵੱਲੋਂ ਰੋਜ਼ਗਾਰ ਮੇਲੇ ਵਿਚ ਭਾਗ ਲੈਣ ਵਾਲੇ ਸਿਖਿਆਰਥੀਆਂ ਦੀ ਇੰਟਰਵਿਊ ਕੀਤੀ ਗਈ, ਜਿਸ ਦੌਰਾਨ ਰੋਜ਼ਗਾਰ ਭਾਗ ਲੈਣ 176 ਸਿਖਿਆਰਥੀਆਂ 'ਚੋਂ 46 ਸਿਖਿਆਰਥੀ ਸ਼ਾਰਟ ਲਿਸਟ ਕੀਤੇ ਗਏ।ਉਨ੍ਹਾਂ ਦੱਸਿਆ ਕਿ ਰੋਜ਼ਗਾਰ ਮੇਲੇ ਦੌਰਾਨ ਸੰਸਥਾ ਦੇ ਅਪ੍ਰੈਂਟਿਸ਼ਿਪ ਇੰਚਾਰਜ ਮਨਜੀਤ ਸਿੰਘ ਅਤੇ ਧਰਮਿੰਦਰ ਸਿੰਘ ਵੱਲੋਂ 59 ਸਿਖਿਆਰਥੀਆਂ ਦੀ ਅਪ੍ਰੈਂਟਿਸ਼ਿਪ ਪੋਰਟਲ ਉੱਪਰ ਰਜਿਸਟਰੇਸ਼ਨ ਵੀ ਕੀਤੀ ਗਈ।

ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਨਗਰ ਕੀਰਤਨ

ਮਹਿਲ ਕਲਾਂ (ਬਲਵਿੰਦਰ ਸਿੰਘ ਵਜੀਦਕੇ)-ਪਿੰਡ ਠੁੱਲੀਵਾਲ ਵਿਖੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਸ੍ਰੀ ਅਖੰਡ ਪਾਠ ਦੇ ਭੋਗ ਉਪਰੰਤ ਪੰਜ ਪਿਆਰਿਆਂ ਦੀ ਅਗਵਾਈ ਹੇਠ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ।ਨਗਰ ਕੀਰਤਨ ਪੜਾਅ ਵਾਰ ਪੁੱਜਣ 'ਤੇ ਸ਼ਰਧਾਲੂ ਸੰਗਤਾਂ ਨੇ ਵੱਖ-ਵੱਖ ਥਾਵਾਂ 'ਤੇ ਭਰਵਾਂ ਸੁਆਗਤ ਕਰਦਿਆਂ ਪੰਜ ਪਿਆਰਿਆਂ ਦਾ ਵੱਖ-ਵੱਖ ਸ਼ਖਸੀਅਤਾਂ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ।ਇਸ ਮੌਕੇ ਪ੍ਰਧਾਨ ਜਰਨੈਲ ਸਿੰਘ, ਖਜ਼ਾਨਚੀ ਸੰਦੀਪ ਸਿੰਘ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਨੇ ਸਮਾਜ ਵਿੱਚ ਉਚ ਨੀਚ ਦਾ ਖਾਤਮਾ ਕਰਕੇ ਭਾਈਚਾਰੇ ਦਾ ਸੰਦੇਸ਼ ਦਿੱਤਾ। ਉਨ੍ਹਾਂ ਦੀਆਂ ਸਿੱਖਿਆਵਾਂ ਉਪਰ ਚੱਲ ਕੇ ਸਮਾਜਿਕ ਅਲਾਮਤਾਂ ਦੇ ਖਾਤਮੇ ਲਈ ਇਕਜੁੱਟ ਹੋਣਾ ਸਮੇਂ ਦੀ ਮੁੱਖ ਲੋੜ ਹੈ।ਇਸ ਮੌਕੇ ਪ੍ਰਬੰਧਕ ਕਮੇਟੀ ਵੱਲੋਂ ਪ੍ਰਮੁੱਖ ਸ਼ਖ਼ਸੀਅਤਾਂ, ਸਹਿਯੋਗੀ ਸੱਜਣਾਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ।

ਸੰਜੀਵ ਕੌੜਾ ਬਣੇ ਖੱਤਰੀ ਸਭਾ ਦੇ ਸਕੱਤਰ

ਮੋਗਾ (ਇਕਬਾਲ ਸਿੰਘ ਖਹਿਰਾ)-ਸੂਬਾ ਕਰ (ਜੀ.ਐੱਸ.ਟੀ.) ਵਿਭਾਗ ਤੋਂ ਸੇਵਾਮੁਕਤ ਹੋਣ ਉਪਰੰਤ ਖੱਤਰੀ ਸਭਾ ਨੇ ਸੰਜੀਵ ਕੌੜਾ ਨੂੰ ਸਲਾਹਕਾਰ ਦੇ ਅਹੁਦੇ ਤੋਂ ਤਰੱਕੀ ਦੇ ਕੇ ਖੱਤਰੀ ਸਭਾ ਦਾ ਸਕੱਤਰ ਨਿਯੁਕਤ ਕੀਤਾ।ਇਸ ਸਬੰਧੀ ਚੇਅਰਮੈਨ ਐਡਵੋਕੇਟ ਵਿਜੇ ਧੀਰ ਤੇ ਪ੍ਰਧਾਨ ਡਾ. ਐੱਮ ਐੱਲ ਜੈਦਕਾ ਨੇ ਸੰਜੀਵ ਕੌੜਾ ਨੂੰ ਨਿਯੁਕਤੀ ਪੱਤਰ ਸੌਂਪਿਆ।ਇਸ ਮੌਕੇ ਚੇਅਰਮੈਨ ਐਡਵੋਕੇਟ ਵਿਜੇ ਧੀਰ ਤੇ ਪ੍ਰਧਾਨ ਡਾ. ਐੱਮ. ਐੱਲ. ਜੈਦਕਾ ਨੇ ਕਿਹਾ ਕਿ ਸੰਜੀਵ ਕੌੜਾ ਖੱਤਰੀ ਸਭਾ ਦੇ ਬਹੁਤ ਹੀ ਸਰਗਰਮ ਮੈਂਬਰ ਹਨ, ਜਿਨ੍ਹਾਂ ਦੀਆਂ ਸਭਾ ਪ੍ਰਤੀ ਸੇਵਾਵਾਂ ਬਹੁਤ ਹੀ ਸ਼ਲਾਘਾਯੋਗ ਹਨ।ਇਸ ਮੌਕੇ ਸੰਜੀਵ ਕੌੜਾ ਨੇ ਕਿਹਾ ਕਿ ਉਨ੍ਹਾਂ ਨੂੰ ਜੋ ਵੀ ਜ਼ਿੰਮੇਵਾਰੀ ਸੌਂਪੀ ਗਈ ਹੈ, ਉਹ ਉਸ ਨੂੰ ਤਨਦੇਹੀ ਨਾਲ ਨਿਭਾਉਣਗੇ।ਇਸ ਮੌਕੇ ਭਜਨ ਪ੍ਰਕਾਸ਼ ਵਰਮਾ, ਬਲਜਿੰਦਰ ਸਿੰਘ ਸਹਿਗਲ, ਸਰਬਜੀਤ ਮੈਂਗੀ, ਅਸ਼ੋਕ ਕਾਲੀਆ, ਰਾਕੇਸ਼ ਸਿਤਾਰਾ, ਸਤਪਾਲ ਭੋਲੇਵਾਲੀਆ, ਮਹੇਸ਼ ਇੰਦਰ ਸਿੰਘ, ਹਰਪ੍ਰੀਤ ਸਿੰਘ ਸਹਿਗਲ, ਜਗਜੀਵ ਧੀਰ, ਦਿਨੇਸ਼ ਰਿਹਾਨ, ਸੁਭਾਸ਼ ਪਲਤਾ ਆਦਿ ਹਾਜ਼ਰ ਸਨ।

ਸ਼ੈਲਰ ਮਾਲਕ ਨੇ ਝੋਨਾ ਖੁਰਦ-ਬੁਰਦ ਕਰਕੇ ਪਨਸਪ ਨੂੰ ਲਗਾਇਆ 3.5 ਕਰੋੜ ਦਾ ਚੂਨਾ

- 34 ਹਜ਼ਾਰ ਤੋਂ ਵੱਧ ਬੋਰੀਆਂ ਗਾਇਬ
- ਪੁਲਸ ਵੱਲੋਂ ਜ਼ਿਲ੍ਹਾ ਮੈਨੇਜਰ ਦੀ ਸ਼ਿਕਾਇਤ 'ਤੇ ਮਾਮਲਾ ਦਰਜ

ਪਟਿਆਲਾ (ਰਾਜਿੰਦਰ ਸਿੰਘ ਬਿੰਦ)-ਇੱਕ ਰਾਈਸ ਮਿੱਲਰ ਵੱਲੋਂ ਝੋਨੇ ਦੇ 34 ਹਜ਼ਾਰ ਤੋਂ ਵੱਧ ਬੈਗਾਂ ਨੂੰ ਖੁਰਦ-ਬੁਰਦ ਕਰਕੇ ਸਰਕਾਰ ਨੂੰ 3 ਕਰੋੜ 50 ਲੱਖ ਤੋਂ ਵੱਧ ਦਾ ਚੂਨਾ ਲਾਇਆ ਗਿਆ ਹੈ।ਮਾਮਲੇ ਦੀ ਪੜਤਾਲ ਤੋਂ ਬਾਅਦ ਸ਼ੰਭੂ ਪੁਲਸ ਵੱਲੋਂ ਦੋ ਵਿਅਕਤੀਆਂ ਖਿਲਾਫ਼ ਪਰਚਾ ਦਰਜ ਕੀਤਾ ਗਿਆ ਹੈ। ਜਾਣਕਾਰੀ ਅਨੁਸਾਰ ਪਟਿਆਲਾ ਜ਼ਿਲ੍ਹੇ ਦੇ ਸ਼ੰਭੂ ਥਾਣੇ 'ਚ ਪਨਸਪ ਦੇ ਜ਼ਿਲ੍ਹਾ ਮੈਨੇਜਰ ਵੱਲੋਂ ਮਾਮਲਾ ਦਰਜ ਕਰਵਾਇਆ ਗਿਆ ਹੈ ਕਿ ਪੈਡੀ ਫਸਲ 2023-24 ਦੀ ਕਸਮਟ ਮੀਲਿੰਗ ਲਈ ਮੈਸ: ਮਹਿਤਾ ਰਾਈਸ ਨੂੰ ਅਲਾਟ ਹੋਇਆ ਸੀ।ਇਸ ਅਲਾਟਮੈਂਟ ਦੌਰਾਨ ਮਿੱਲ ਵਿੱਚ 2,44,555 ਪੈਡੀ ਦੇ ਕੱਟੇ ਸਟਾਕ ਕੀਤੇ ਗਏ ਸਨ।ਇਸ ਦੌਰਾਨ 15 ਜੁਲਾਈ 2024 ਨੂੰ ਵਿਭਾਗ ਵੱਲੋਂ ਚੈਕਿੰਗ ਕੀਤੀ ਗਈ ਸੀ ਤੇ ਚੈਕਿੰਗ ਦੌਰਾਨ ਮਿੱਲ ਵਿਖੇ 7814 ਬੋਰੀਆਂ ਪੈਡੀ ਦੀਆਂ ਘੱਟ ਪਾਈਆਂ ਗਈਆਂ। ਇਸ ਤੋਂ ਬਾਅਦ ਮੁੜ ਗਰਾਉਂਡ ਪੱਧਰ 'ਤੇ ਪੜਤਾਲ ਕੀਤੀ ਗਈ ਤਾਂ 34,958 ਪੈਡੀ ਦੇ ਬੈਗ ਘੱਟ ਪਾਏ ਗਏ।

ਝੋਨੇ ਦੇ ਬੈਗ ਘੱਟ ਪਾਏ ਜਾਣ ਦਾ ਨੁਕਸਾਨ 3,52,31,864 ਦਾ ਹੈ।ਸ਼ੈੱਲਰ ਮਾਲਕ ਵੱਲੋਂ ਪੈਡੀ ਨੂੰ ਖੁਰਦ-ਬੁਰਦ ਕਰਕੇ ਸਰਕਾਰ ਨੂੰ 3 ਕਰੋੜ 52 ਲੱਖ ਤੋਂ ਵੱਧ ਦਾ ਨੁਕਸਾਨ ਪਹੁੰਚਾਇਆ ਗਿਆ ਹੈ।ਇਸ ਸਬੰਧੀ ਥਾਣਾ ਸ਼ੰਭੂ ਪੁਲਸ ਵੱਲੋਂ ਜ਼ਿਲ੍ਹਾ ਮੈਨੇਜਰ ਪਨਪਸ ਦੇ ਬਿਆਨਾਂ ਦੇ ਅਧਾਰ 'ਤੇ ਮੈਸ. ਮਹਿਤਾ ਰਾਈਸ ਇੰਡਸਟਰੀਜ਼ ਘਨੌਰ ਦੇ ਲਵਨੀਸ਼ ਮਹਿਤਾ ਪੁੱਤਰ ਸਤੀਸ਼ ਕੁਮਾਰ ਤੇ ਭੁਵਨੇਸ਼ ਮਹਿਤਾ ਪੁੱਤਰ ਸਤੀਸ਼ ਕੁਮਾਰ ਵਾਸੀਆਨ ਫੁਲਕੀਆ ਇੰਨਕਲੇਵ ਪਟਿਆਲਾ ਖਿਲਾਫ਼ ਵੱਖ-ਵੱਖ ਧਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।ਇਸ ਮਾਮਲੇ ਵਿੱਚ ਪੁਲਸ ਵੱਲੋਂ ਆਪਣੀ ਅਗਲੀ ਤਫ਼ਤੀਸ਼ ਕੀਤੀ ਜਾ ਰਹੀ ਹੈ।ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਪਟਿਆਲਾ ਜ਼ਿਲ੍ਹੇ ਵਿੱਚ ਝੋਨੇ ਦੀ ਖੁਰਦ-ਬੁਰਦ ਕਰਨ ਨੂੰ ਲੈ ਕੇ ਪੁਲਸ ਵੱਲੋਂ ਮਾਮਲੇ ਦਰਜ ਕੀਤੇ ਜਾ ਚੁੱਕੇ ਹਨ।

ਮਾਲਵਾ ਕਾਲਜ 'ਚ ਮਾਂ ਬੋਲੀ ਦਿਵਸ ਮੌਕੇ ਕਰਵਾਏ ਭਾਸ਼ਾ ਮੁਕਾਬਲੇ

ਸਮਰਾਲਾ (ਸੁਰਜੀਤ ਸਿੰਘ)-ਸਥਾਨਕ ਮਾਲਵਾ ਕਾਲਜ ਬੌਦਲੀ ਤੇ ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਵੱਲੋਂ ਅੰਤਰਰਾਸ਼ਟਰੀ ਪੰਜਾਬੀ ਮਾਤ ਭਾਸ਼ਾ ਦਿਵਸ ਮਨਾਇਆ ਗਿਆ, ਜਿਸ ਵਿੱਚ ਉੱਘੇ ਸਾਹਿਤਕਾਰ ਮਿੱਤਰ ਸੈਨ ਮੀਤ, ਨਿਰਮਲ ਸਿੰਘ ਓਟਵਾ, ਸੁਖਇੰਦਰਪਾਲ ਸਿੰਘ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ।ਸ਼ੁਰੂ ਵਿੱਚ ਪੰਜਾਬੀ ਵਿਭਾਗ ਦੇ ਮੁਖੀ ਡਾ. ਹਰਿੰਦਰਜੀਤ ਸਿੰਘ ਕਲੇਰ ਨੇ ਆਏ ਮਹਿਮਾਨਾਂ ਦੀ ਜਾਣ ਪਹਿਚਾਣ ਕਰਵਾਈ ਤੇ ਜੀ ਆਇਆਂ ਆਖਿਆ।ਇਸ ਮੌਕੇ ਕਾਲਜ ਦੇ ਵਿਦਿਆਰਥੀਆਂ ਨੇ ਪੰਜਾਬੀ ਸਾਹਿਤ ਨਾਲ ਸਬੰਧੀ ਵੱਖ-ਵੱਖ ਵੰਨਗੀਆ

23 Feb Page-3.qxd 2/22/2025 10:41 PM Page 1

35 ਲੱਖ ਰੁਪਏ ਦੀ ਠੱਗੀ ਮਾਰਨ ਵਾਲੇ ਝੂਠੇ ਏਜੰਟਾਂ ਖ਼ਿਲਾਫ਼ ਮਾਮਲਾ ਦਰਜ

ਗੁਰਦਾਸਪੁਰ, (ਜਨਕ ਮਹਾਜਨ)-ਪੀੜਤ ਗੁਰਪਾਲ ਸਿੰਘ ਪੁੱਤਰ ਪੂਰਨ ਸਿੰਘ ਵਾਸੀ ਪਿੰਡ ਉਮਰਪੁਰ ਵਲੋਂ ਥਾਣਾ ਸਦਰ ਗੁਰਦਾਸਪੁਰ ਨੂੰ ਦਿੱਤੀ ਸ਼ਿਕਾਇਤ 'ਤੇ ਜਾਂਚ ਪੜਤਾਲ ਦੌਰਾਨ ਪੁਲਸ ਨੇ ਪਾਇਆ ਕਿ ਗੁਰਦਿਆਲ ਸਿੰਘ ਪੁੱਤਰ ਹਜਾਰਾ ਸਿੰਘ, ਚਹਿਤਪ੍ਰੀਤ ਸਿੰਘ ਪੁੱਤਰ ਗੁਰਦਿਆਲ ਸਿੰਘ, ਜਸਬੀਰ ਕੌਰ ਪਤਨੀ ਗੁਰਦਿਆਲ ਸਿੰਘ ਵਾਸੀ ਹਯਾਤਨਗਰ, ਅਮਰਜੀਤ ਸਿੰਘ ਪੁੱਤਰੀ ਦਰਬਾਰਾ ਸਿੰਘ ਵਾਸੀ ਦਲੇਰਪੁਰਾ ਤਰਨ ਤਾਰਨ, ਪਰਮਜੀਤ ਕੌਰ ਪਤਨੀ ਬਲਰਾਜ ਸਿੰਘ ਵਾਸੀ ਗਿੱਦੜਬਾਹਾ ਮਕਤਸਰ ਸਾਹਿਬ ਨੇ ਪੀੜਤ ਦੀ ਸਾਲੀ ਦੇ ਲੜਕੇ ਜਸ਼ਨਪ੍ਰੀਤ ਸਿੰਘ ਪੁੱਤਰ ਤਜਿੰਦਰ ਸਿੰਘ ਵਾਸੀ ਰਾਵਲੀਪਿੰਡੀ ਜ਼ਿਲ੍ਹਾ ਗੁਰਦਾਸਪੁਰ ਨੂੰ ਵਿਦੇਸ਼ ਭੇਜਣ ਲਈ ਕਰੀਬ 35 ਲੱਖ 25 ਹਜ਼ਾਰ ਰੁਪਏ ਦੀ ਠੱਗੀ ਕੀਤੀ ਹੈ। ਥਾਣਾ ਸਦਰ ਗੁਰਦਾਸਪੁਰ ਪੁਲਸ ਨੇ ਇਨ੍ਹਾਂ ਝੂਠੇ ਏਜੰਟਾਂ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

ਬਰਾਈਟ ਫਿਊਚਰ ਅਕੈਡਮੀ ਰਾਜਪੁਰਾ 'ਚ ਮਾਂ ਬੋਲੀ ਦਿਵਸ ਮਨਾਇਆ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)- ਬਰਾਈਟ ਫਿਊਚਰ ਅਕੈਡਮੀ ਰਾਜਪੁਰਾ ਵਿੱਚ ਅਧਿਆਪਕਾਂ ਤੇ ਵਿਦਿਆਰਥੀਆਂ ਵਲੋਂ ਸਕੂਲ ਡਾਇਰੈਕਟਰ ਸੰਦੀਪ ਧਾਰੀਵਾਲ ਭੋਜਾ ਦੀ ਅਗਵਾਈ ਵਿੱਚ ਅੰਤਰਰਾਸ਼ਟਰੀ ਮਾਂ ਬੋਲੀ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ। ਇਸ ਮੌਕੇ ਸੰਸਥਾ ਦੇ ਪ੍ਰਿੰਸੀਪਲ ਗੁਰਸੇਵਕ ਸਿੰਘ ਰਿਆੜ ਨੇ ਵਿਦਿਆਰਥੀਆਂ ਨੂੰ ਮਾਂ ਬੋਲੀ ਪੰਜਾਬੀ ਪੜ੍ਹਨ ਲਿਖਣ ਅਤੇ ਬੋਲਣ ਲਈ ਪ੍ਰੇਰਿਆ । ਉਹਨਾਂ ਦੱਸਿਆ ਕਿ ਮਾਂ ਬੋਲੀ ਬੱਚੇ ਦੇ ਬੌਧਿਕ ਵਿਕਾਸ ਨੂੰ ਸੰਪੂਰਨ ਕਰ ਸਕਦੀ ਹੈ। ਇਸ ਮੌਕੇ ਮਾਂ ਬੋਲੀ ਸੰਬੰਧੀ ਚਾਰਟ, ਭਾਸ਼ਣ, ਲੋਕ ਗੀਤ, ਕਵਿਤਾਵਾਂ ਦੇ ਮੁਕਾਬਲਿਆਂ ਦੌਰਾਨ ਵਿਦਿਆਰਥੀਆਂ ਨੇ ਮਾਂ ਬੋਲੀ ਦਿਵਸ ਦੀ ਮਹਾਨਤਾ ਨੂੰ ਪੇਸ਼ ਕੀਤਾ। ਸੰਸਥਾ ਦੇ ਪ੍ਰਬੰਧਕ ਸੰਦੀਪ ਧਾਰੀਵਾਲ ਭੋਜਾ ਨੇ ਕਿਹਾ ਕਿ ਭਾਸ਼ਾ ਸਿਰਫ ਸੰਚਾਰ ਦਾ ਜ਼ਰੀਆ ਹੀ ਨਹੀਂ ਸਗੋਂ ਲੋਕਾਂ ਦੀ ਪਛਾਣ ਹੈ। ਉਨ੍ਹਾਂ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਮਾਂ ਬੋਲੀ ਬੋਲਣ, ਲਿਖਣ ਤੇ ਬੋਲਣ ਵਿੱਚ ਮਾਣ ਮਹਿਸੂਸ ਕਰਨ ਕਿਉਂਕਿ ਇਹ ਮਨੁੱਖੀ ਸੱਭਿਅਤਾ ਦੇ ਨਾਲ ਹੀ ਉਪਜੀ ਭਾਸ਼ਾ ਹੈ। ਧਾਰੀਵਾਲ ਭੋਜਾ ਨੇ ਉਨ੍ਹਾਂ ਸੰਪਰਦਾਇਕਾਂ ਦੀ ਨਿਖੇਧੀ ਕੀਤੀ ਜੋ ਪੰਜਾਬੀ ਨੂੰ ਸਿਰਫ ਇਕ ਧਰਮ ਦੀ ਭਾਸ਼ਾ ਬਣਾਉਣ ਦੀ ਗੱਲ ਕਰ ਰਹੇ ਹਨ ਤੇ ਨਾਲ ਹੀ ਸਿਰਫ ਇੱਕ ਲਿਪੀ ਤੇ ਭਾਸ਼ਾ ਨੂੰ ਕੇਂਦਰਿਤ ਕਰ ਰਹੇ ਹਨ। ਉਨ੍ਹਾਂ ਪੰਜਾਬ ਦੇ ਨਾਲ ਭਾਸ਼ਾ ਦੇ ਆਧਾਰ 'ਤੇ ਹੋਏ ਵਿਤਕਰੇ ਦੀ ਵੀ ਨਿੰਦਾ ਕੀਤੀ। ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿੱਚ ਸ਼ਾਮਲ ਕਰਨ ਲਈ ਲੋਕ ਲਹਿਰ ਬਣਾਉਣ ਲਈ ਪੰਜਾਬੀਆਂ ਨੂੰ ਅਪੀਲ ਕੀਤੀ। ਪੰਜਾਬੀ ਟੀ ਵੀ ਚੈਨਲਾਂ, ਸੋਸ਼ਲ ਮੀਡੀਆ ਦੇ ਪਲੇਟਫਾਰਮਾਂ ਉੱਪਰ ਅਤੇ ਪਾਠ ਪੁਸਤਕਾਂ ਵਿੱਚ ਗਲਤੀਆਂ ਅਤੇ ਧੱਕੇ ਨਾਲ ਹੀ ਦੂਸਰੀਆਂ ਭਾਸ਼ਾਵਾਂ ਦੇ ਸ਼ਬਦ ਘਸੇੜਨਾ ਵੀ ਮਾਂ ਬੋਲੀ ਨਾਲ ਧ੍ਰੋਹ ਕਰਾਰ ਦਿੱਤਾ। ਇਸ ਮੌਕੇ ਸਕੂਲ ਦੇ ਅਧਿਆਪਕ ਨਿਸ਼ਾ ਬਾਵਾ, ਅਨੂੰ, ਨੇਹਾ ਸ਼ਰਮਾ, ਇਸ਼ਿਤਾ ਠਾਕੁਰ, ਰਵਨੀਤ ਕੌਰ, ਜਸਬੀਰ ਕੌਰ, ਮਨਪ੍ਰੀਤ ਕੌਰ ਆਦਿ ਹਾਜ਼ਰ ਸਨ।

ਪੰਜਾਬ 'ਚ ਜਨਤਾ ਕਾਂਗਰਸੀ ਉਮੀਦਵਾਰਾਂ ਨੂੰ ਜਿਤਾ ਕੇ ਵਿਖਾਏਗੀ ਟਰੇਲਰ : ਕੱਕੜ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)- ਪੰਜਾਬ ਵਾਸੀਆਂ ਨੂੰ ਦਿੱਲੀ ਮਾਡਲ ਦੇ ਝੂਠੇ ਸੁਫ਼ਨੇ ਦਿਖਾ ਕੇ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਨੂੰ ਦਿੱਲੀ ਦੀ ਜਨਤਾ ਨੇ ਦਿੱਲੀ ਤੋਂ ਬਾਹਰ ਦਾ ਰਸਤਾ ਵਿਖਾ ਦਿੱਤਾ ਹੈ।ਹੁਣ ਪੰਜਾਬ ਦੀ ਸੂਝਵਾਨ ਜਨਤਾ ਵੀ ਜੋ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਪੂਰੀ ਤਰਾਂ ਤੰਗ ਆ ਚੁੱਕੀ ਹੈ, ਪੰਜਾਬ ਤੋਂ ਵੀ ਬਾਹਰ ਦਾ ਰਸਤਾ ਵਿਖਾ ਦੇਵੇਗੀ। ਇਸ ਦਾ ਟ੍ਰੇਲਰ ਪੰਜਾਬ ਦੀ ਜਨਤਾ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਦੀਆਂ ਚੋਣਾਂ ਵਿੱਚ ਆਪ ਦੇ ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਕਰਕੇ ਅਤੇ ਕਾਂਗਰਸ ਪਾਰਟੀ ਦੇ ਉਮੀਦਵਾਰਾਂ ਨੂੰ ਜਿਤਾ ਕੇ ਵਿਖਾਏਗੀ। ਉਕਤ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਦੇ ਸਾਬਕਾ ਮੰਤਰੀ ਅਤੇ ਵਿਧਾਇਕ ਸੁੱਖਬਿੰਦਰ ਸਿੰਘ ਸਰਕਾਰੀਆ ਦੇ ਮੀਡੀਆ ਸਲਾਹਕਾਰ ਅਤੇ ਜ਼ਿਲ੍ਹਾ ਕਾਂਗਰਸ ਕਮੇਟੀ ਅੰਮ੍ਰਿਤਸਰ ਦਿਹਾਤੀ ਦੇ ਮੁੱਖ ਬੁਲਾਰੇ ਅਮਨਦੀਪ ਸਿੰਘ ਕੱਕੜ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੰਜਾਬ ਨੂੰ ਕੱਖੋਂ ਹੌਲਾ ਕਰਕੇ ਰੱਖ ਦਿੱਤਾ ਹੈ। ਇਸ ਵਕਤ ਪੰਜਾਬ ਦਾ ਹਰ ਵਰਗ ਦੁਖੀ ਹੈ, ਵਿਕਾਸ ਕਾਰਜ ਪੂਰੀ ਤਰ੍ਹਾਂ ਬੰਦ ਹੋ ਚੁੱਕੇ ਹਨ। ਕਿਸਾਨ, ਮਜ਼ਦੂਰ, ਵਿਦਿਆਰਥੀ, ਬੇਰੁਜ਼ਗਾਰ ਪੰਜਾਬ ਸਰਕਾਰ ਵਿਰੁੱਧ ਆਪਣੀ ਭੜਾਸ ਕੱਢ ਰਹੇ ਹਨ। ਕੱਕੜ ਨੇ ਕਿਹਾ ਕਿ ਪੰਜਾਬ ਦੀ ਜਨਤਾ ਨੂੰ ਸੁਰੱਖਿਆ ਦੇਣ ਵਾਲੀ ਪੰਜਾਬ ਪੁਲਸ ਹੁਣ ਆਪ ਹੀ ਸੁਰੱਖਿਅਤ ਨਹੀਂ ਹੈ। ਉਨ੍ਹਾਂ ਦੇ ਘਰਾਂ ਅਤੇ ਚੌਕੀਆਂ 'ਤੇ ਹਮਲੇ ਹੋ ਰਹੇ ਹਨ। ਕੱਕੜ ਨੇ ਦਾਅਵਾ ਕਰਦਿਆਂ ਕਿਹਾ ਕਿ ਆ ਰਹੀਆਂ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਦੀਆਂ ਚੋਣਾਂ ਵਿੱਚ ਵੀ ਕਾਂਗਰਸ ਪਾਰਟੀ ਦੇ ਉਮੀਦਵਾਰਾਂ ਨੂੰ ਜਿਤਾ ਕੇ ਪੰਜਾਬ ਦੀ ਗੈਰਤਮੰਦ ਜਨਤਾ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਟ੍ਰੇਲਰ ਵਿਖਾ ਦੇਵੇਗੀ ਅਤੇ ਪੂਰੀ ਫਿਲਮ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਆਪ ਦੇ ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਕਰਕੇ ਅਤੇ ਕਾਂਗਰਸ ਪਾਰਟੀ ਦੀ ਸਰਕਾਰ ਬਣਾ ਕੇ ਵਿਖਾਏਗੀ। ਇਸ ਮੌਕੇ ਉਨ੍ਹਾਂ ਨਾਲ ਨਰਿੰਦਰ ਸਿੰਘ ਹੇਤਮਪੁਰਾ, ਸੂਬਾ ਸਿੰਘ ਹੇਤਮਪੁਰਾ, ਹਰਕੰਵਲਜੀਤ ਸਿੰਘ ਹੈਪੀ ਅਦਲੀਵਾਲ, ਨਿਸ਼ਾਨ ਸਿੰਘ ਮੰਝ, ਬਲਦੇਵ ਸਿੰਘ ਮੰਝ, ਸੋਨਾ ਸਿੱਧੂ ਬਲੱਗਣ, ਸ਼ਮਸ਼ੇਰ ਸਿੰਘ ਸਾਰੰਗੜਾ, ਸੁਖਦੇਵ ਸਿੰਘ ਨੱਥੂਪੁਰ, ਰਿਕੂ ਚੋਗਾਵਾਂ, ਡਾ. ਪ੍ਰਗਟ ਸਿੰਘ ਭੁੱਲਰ, ਲਖਬੀਰ ਸਿੰਘ ਕੋਹਾਲੀ, ਬਲਵਿੰਦਰ ਸਿੰਘ ਕੋਹਾਲੀ, ਅਜੇਬੀਰ ਸਿੰਘ ਲੋਪੋਕੇ ਮੀਤ ਪ੍ਰਧਾਨ, ਬਲਜਿੰਦਰ ਸਿੰਘ ਧਾਰੀਵਾਲ ਜਨਰਲ ਸਕੱਤਰ, ਰੇਸ਼ਮ ਸਿੰਘ ਬੱਚੀਵਿੰਡ, ਬਲਜੀਤ ਸਿੰਘ ਪੰਡੋਰੀ, ਮੇਜਰ ਸਿੰਘ ਰੈਂ, ਗੁਰਸੰਟ ਸਿੰਘ ਮੁੱਧ, ਗੁਰਸ਼ਰਨ ਸਿੰਘ ਬੱਬੀ ਕੱਕੜ ਆਦਿ ਹਾਜ਼ਰ ਸਨ।

ਸੀ ਐੱਚ ਸੀ ਸਰਹਾਲੀ ਵਿਖੇ ਸ਼ੂਗਰ ਤੇ ਬਲੱਡ ਪ੍ਰੈਸ਼ਰ ਦੇ ਮਰੀਜ਼ਾਂ ਦਾ ਚੈੱਕਅੱਪ

ਚੋਹਲਾ ਸਾਹਿਬ (ਰਮਨ ਚੱਡਾ)- ਸਿਵਲ ਸਰਜਨ ਤਰਨ ਤਾਰਨ ਡਾ. ਗੁਰਪ੍ਰੀਤ ਸਿੰਘ ਰਾਏ ਅਤੇ ਸਹਾਇਕ ਸਿਵਲ ਸਰਜਨ ਤਰਨ ਤਾਰਨ ਡਾ. ਜਤਿੰਦਰ ਸਿੰਘ ਗਿੱਲ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਸੀਨੀਅਰ ਮੈਡੀਕਲ ਅਫਸਰ ਡਾਕਟਰ ਸੰਦੀਪ ਕੌਰ ਇੰਚਾਰਜ ਸੀ ਐਚ ਸੀ ਸਰਹਾਲੀ ਦੀ ਯੋਗ ਅਗਵਾਈ ਹੇਠ ਅੱਜ ਮੈਡੀਕਲ ਅਫਸਰ ਡਾ. ਕੰਵਰਪੁਨੀਤ ਸਿੰਘ, ਸਟਾਫ ਨਰਸ ਰੁਪਿੰਦਰ ਕੌਰ ਅਤੇ ਮੈਡੀਕਲ ਟੀਮ ਵੱਲੋਂ ਸ਼ੂਗਰ ਅਤੇ ਬਲੱਡ ਪ੍ਰੈਸ਼ਰ ਦੇ ਮਰੀਜ਼ਾਂ ਦਾ ਚੈੱਕਅੱਪ ਕੀਤਾ ਗਿਆ। ਡਾ. ਸੰਦੀਪ ਕੌਰ ਨੇ ਦੱਸਿਆ ਕਿ ਉੱਚ ਅਧਿਕਾਰੀਆਂ ਦੀਆਂ ਹਦਾਇਤਾਂ ਅਨੁਸਾਰ ਸ਼ੂਗਰ ਅਤੇ ਬਲੱਡ ਪ੍ਰੈਸ਼ਰ ਦੇ ਮਰੀਜ਼ਾਂ ਦਾ ਚੈੱਕਅੱਪ ਕੀਤਾ ਅਤੇ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ। ਉਹਨਾਂ ਦੱਸਿਆ ਕਿ ਕੁਝ ਦਿਨਾਂ ਦੇ ਅੰਦਰ ਅੰਦਰ ਕੈਂਸਰ ਦੇ ਮਰੀਜ਼ਾਂ ਜਿਵੇਂ ਮੂੰਹ ਦਾ ਕੈਂਸਰ, ਬੱਚੇਦਾਨੀ ਦਾ ਕੈਂਸਰ ਅਤੇ ਬਰੈਸਟ

ਕੈਂਸਰ ਦਾ ਚੈੱਕਅੱਪ ਸ਼ੁਰੂ ਕੀਤਾ ਜਾਵੇਗਾ। ਉਹਨਾਂ ਦੱਸਿਆ ਕਿ ਮਰੀਜ਼ਾਂ ਦੇ ਚੈੱਕਅੱਪ ਦੌਰਾਨ ਉਹਨਾਂ ਦੇ ਲੋੜੀਂਦੇ ਟੈਸਟ ਵੀ ਕੀਤੇ ਗਏ ਅਤੇ ਉਹਨਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ ਅਤੇ ਉਹਨਾਂ ਨੂੰ ਆਪਣੀ ਸਿਹਤ ਦੀ ਸਹੀ ਸਾਂਭ ਸੰਭਾਲ ਸਬੰਧੀ ਜਾਣਕਾਰੀ ਦਿੱਤੀ ਗਈ ਰੋਜ਼ਾਨਾ ਕਸਰਤ ਕਰਨ ਅਤੇ ਪੌਸ਼ਟਿਕ ਆਹਾਰ ਲੈਣ ਦੀ ਵੀ ਸਲਾਹ ਦਿੱਤੀ। ਇਸ ਸਮੇਂ ਬਲਰਾਜ ਸਿੰਘ ਬੀ ਈ ਈ, ਨਰਸਿੰਗ ਸਿਸਟਰ ਤਰਜੀਤ ਕੌਰ ਆਦਿ ਹਾਜ਼ਰ ਸਨ।

ਜਗਤ ਪੰਜਾਬੀ ਸਭਾ ਕੈਨੇਡਾ ਦੀ ਪੰਜਾਬ ਇਕਾਈ ਵਲੋਂ ਵਿਸ਼ੇਸ਼ ਸਨਮਾਨ ਸਮਾਰੋਹ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)- ਅੰਤਰਾਸ਼ਟਰੀ ਮਾਂ ਬੋਲੀ ਦਿਹਾੜੇ ਤੇ ਜਗਤ ਪੰਜਾਬੀ ਸਭਾ ਕੈਨੇਡਾ ਦੀ ਪੰਜਾਬ ਇਕਾਈ ਵਲੋਂ ਇਕ ਵਿਸ਼ੇਸ਼ ਸਨਮਾਨ ਸਮਾਰੋਹ ਦਾ ਆਯੋਜਨ ਡੀ ਏ ਵੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਪ੍ਰਿੰਸੀਪਲ ਸਤੀਸ਼ ਗੁਪਤਾ ਦੇ ਸਹਿਯੋਗ ਨਾਲ ਕਰਵਾਇਆ ਗਿਆ। ਇਸ ਮੌਕੇ ਬਤੌਰ ਮੁੱਖ ਮਹਿਮਾਨ ਵਜੋਂ ਜ਼ਿਲ੍ਹਾ ਗਾਇਡੈਂਸ ਕੌਂਸਲਰ ਪਰਮਿੰਦਰ ਸਿੰਘ ਸੈਣੀ ਮੌਜੂਦ ਰਹੇ। ਇਸ ਮੌਕੇ ਸਾਹਿਤਕਾਰਾਂ, ਲੇਖਕਾਂ ਅਤੇ ਕਵੀਆਂ ਦੇ ਨਾਲ ਨਾਲ ਵੱਖ ਵੱਖ ਪੰਜਾਬੀ ਅਖਬਾਰਾਂ ਵਿੱਚ ਮਾਂ ਬੋਲੀ ਦੇ ਪ੍ਰਚਾਰ ਪ੍ਰਸਾਰ ਲਈ ਯਤਨ ਕਰ ਰਹੀਆਂ ਸ਼ਖਸੀਅਤਾਂ ਨੂੰ ਵੀ ਸਨਮਾਨਤ ਕੀਤਾ ਗਿਆ। ਇਸ ਮੌਕੇ ਜਗਤ ਪੰਜਾਬੀ ਸਭਾ ਕੈਨੇਡਾ ਦੇ ਸੂਬਾ ਪ੍ਰਧਾਨ ਮੁਕੇਸ਼ ਵਰਮਾ, ਜਨਰਲ ਸਕੱਤਰ ਭਵਨ ਭਾਰਦਵਾਜ, ਪ੍ਰਿੰਸੀਪਲ ਸਤੀਸ਼ ਗੁਪਤਾ ਵਲੋਂ ਮੁੱਖ ਮਹਿਮਾਨ ਦਾ ਸਵਾਗਤ ਕੀਤਾ ਗਿਆ। ਇਸ ਮੌਕੇ ਜਗਤ ਪੰਜਾਬੀ ਸਭਾ ਦੇ ਪ੍ਰਧਾਨ ਮੁਕੇਸ਼ ਵਰਮਾ ਨੇ ਕਿਹਾ ਕਿ ਸਾਨੂੰ ਸਾਰੀਆਂ ਭਾਸ਼ਾਵਾਂ ਨੂੰ ਸਿੱਖਣਾ ਭਾਵੇਂ ਸਮੇਂ ਦੀ ਲੋੜ ਹੈ ਪਰ ਆਪਣੀ ਮਾਂ ਬੋਲੀ ਪੰਜਾਬੀ ਨੂੰ ਨਜਰਅੰਦਾਜ਼ ਕਰਨਾ

ਆਪਣੀ ਮਿੱਟੀ ਅਤੇ ਮਾਂ ਬੋਲੀ ਨਾਲ ਗਦਾਰੀ ਹੈ।ਇਸ ਲਈ ਹਰੇਕ ਪੰਜਾਬੀ ਦਾ ਫਰਜ਼ ਹੈ ਕਿ ਉਹ ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰੇ ਅਤੇ ਹਮੇਸ਼ਾ ਹੀ ਇਸਦੇ ਪ੍ਰਸਾਰ ਲਈ ਯਤਨ ਕਰਦਾ ਰਹੇ। ਉਹਨਾਂ ਕਿਹਾ ਕਿ ਮੀਡੀਆ ਹੀ ਇਕ ਇਹੋ ਜਿਹਾ ਸਾਧਨ ਹੈ ਜਿਸ ਨਾਲ ਅਸੀ ਆਪਣੇ ਮਾਂ ਬੋਲੀ ਪੰਜਾਬੀ ਨੂੰ ਦੇਸ਼ਾਂ ਵਿਦੇਸ਼ਾਂ ਵਿੱਚ ਜ਼ਿੰਦਾ ਰੱਖ ਸਕਦੇ ਹਾਂ। ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਆ ਦੇ ਪੱਤਰਕਾਰਾਂ ਨੂੰ ਸਨਮਾਨਤ ਕਰਕੇ ਉਹਨਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ ਗਈ ਹੈ। ਇਸ ਮੌਕੇ ਮੁੱਖ ਮਹਿਮਾਨ ਜ਼ਿਲ੍ਹਾ ਗਾਈਡੈਂਸ ਕੌਂਸਲਰ ਪਰਮਿੰਦਰ ਸਿੰਘ ਸੈਣੀ ਸਟੇਟ ਐਵਾਰਡੀ ਨੇ ਕਿਹਾ ਕਿ ਮਾਂ ਬੋਲੀ ਅਜਿਹੀ ਭਾਸ਼ਾ ਹੈ ਜਿਹੜੀ ਕਿਸੇ ਵੀ ਮਨੁੱਖ ਦੇ ਜਨਮ ਤੋਂ ਉਸ ਦੇ ਅੰਤ ਵੇਲੇ ਤੱਕ ਦੀਆਂ ਸਾਰੀਆਂ ਰਸਮਾਂ ਅਤੇ ਰਿਵਾਜਾਂ ਵਿੱਚ ਉਸ ਦੇ ਨਾਲ ਰਹਿੰਦੀ ਹੈ। ਸਕੂਲ ਪ੍ਰਿੰਸੀਪਲ ਸਤੀਸ਼ ਗੁਪਤਾ ਵੱਲੋਂ ਸਾਰੀਆਂ ਸਨਮਾਨਤ ਸ਼ਖਸੀਅਤਾਂ ਦਾ ਧੰਨਵਾਦ ਕੀਤਾ ਗਿਆ।ਇਸ ਮੌਕੇ ਸਨਮਾਨਤ ਹੋਣ ਵਾਲੀਆਂ ਸ਼ਖਸੀਅਤਾਂ ਵਿੱਚ ਕਵੀ ਅਮਿਤ ਕਾਦੀਆ, ਸੁਨੀਲ ਕੁਮਾਰ ਕਾਦੀਆ, ਗੁਰਪ੍ਰੀਤ ਸਿੰਘ, ਯਾਦਵਿੰਦਰ ਸਿੰਘ, ਕਸ਼ਮੀਰ ਸਿੰਘ ਸੰਧੂ, ਕ੍ਰਿਸ਼ਨ ਅਹਿਮਦ, ਮਕਬੂਲ ਅਹਿਮਦ, ਤਾਰਿਕ ਅਹਿਮਦ, ਅਬਦੁਲ ਸਲਾਮ ਤਾਰੀ, ਸੁਰਿੰਦਰ ਸਿੰਘ ਭੰਗੂ ਪ੍ਰਿੰਸੀਪਲ, ਸਤੀਸ਼ ਕੁਮਾਰ ਗੁਪਤਾ ਪ੍ਰਿੰਸੀਪਲ ਆਦਿ ਹਾਜ਼ਰ ਸਨ।

'ਮਾਤ ਭਾਸ਼ਾ ਤੇ ਆਰਥਿਕ ਵਸੀਲੇ' ਵਿਸ਼ੇ 'ਤੇ ਵਿਚਾਰ-ਚਰਚਾ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)- ਕੌਮਾਂਤਰੀ ਮਾਂ ਬੋਲੀ ਦਿਵਸ ਮੌਕੇ ਜਨਵਾਦੀ ਲੇਖਕ ਸੰਘ ਵਲੋਂ 'ਮਾਤ ਭਾਸ਼ਾ ਤੇ ਆਰਥਿਕ ਵਸੀਲੇ' ਵਿਸ਼ੇ ਤਹਿਤ ਸਥਾਨਕ ਆਤਮ ਪਬਲਿਕ ਸਕੂਲ ਇਸਲਾਮਾਬਾਦ ਵਿਖੇ ਸੰਵਾਦ ਰਚਾਇਆ ਗਿਆ, ਜਿਸ ਵਿੱਚ ਬੁਲਾਰਿਆਂ ਰਾਏ ਉਸਾਰੀ ਕਿ ਕਿਸੇ ਵੀ ਖਿੱਤੇ ਦੀ ਤਰੱਕੀ ਉਥੋਂ ਦੇ ਲੋਕਾਂ ਦੀ ਜ਼ੁਬਾਨ ਨਾਲ ਜੁੜੀ ਹੁੰਦੀ ਹੈ ਤੇ ਜ਼ੁਬਾਨ ਉਹੀ ਤਰੱਕੀ ਕਰਦੀ ਹੈ, ਜਿਹੜੀ ਕਾਰ ਵਿਹਾਰ ਤੇ ਰੁਜ਼ਗਾਰ ਨਾਲ ਜੁੜੀ ਹੁੰਦੀ ਹੈ।ਇਸ ਸਮਾਗਮ ਦਾ ਆਗਾਜ਼ ਸਕੂਲ ਦੇ ਪ੍ਰਬੰਧਕ ਪ੍ਰਤੀਕ ਸਹਿਦੇਵ ਅਤੇ ਅੰਕਿਤਾ ਸਹਿਦੇਵ ਦੇ ਸਵਾਗਤੀ ਸ਼ਬਦਾਂ ਨਾਲ ਹੋਇਆ ਜਦਕਿ ਸਮਾਗਮ ਦੇ ਕਨਵੀਨਰ ਕਥਾਕਾਰ ਦੀਪ ਦੇਵਿੰਦਰ ਸਿੰਘ ਕਿਹਾ ਕਿ ਮਾਤ ਭਾਸ਼ਾ ਨੂੰ ਰੁਜ਼ਗਾਰ ਮੁਖੀ ਬਣਾਉਣ ਲਈ ਸਰਕਾਰਾਂ ਨੂੰ ਠੋਸ ਕਦਮ ਚੁੱਕਣ ਦੀ ਲੋੜ ਹੈ। ਉਹਨਾਂ ਡਾਕਟਰੀ, ਕਾਨੂੰਨ ਅਤੇ ਤਕਨੀਕੀ ਸਿੱਖਿਆ ਦੀ ਪੜ੍ਹਾਈ ਲਈ ਪੁਸਤਕਾਂ ਤੇ ਹੋਰ ਪੜ੍ਹਨ ਸਮੱਗਰੀ ਪੰਜਾਬੀ ਮੁਹੱਈਆ ਕਰਵਾਉਣ ਦੀ ਲੋੜ 'ਤੇ ਵੀ ਜ਼ੋਰ ਦਿੱਤਾ। ਵਿਦਵਾਨ ਪਰਮਜੀਤ ਸਿੰਘ ਬੱਲ ਅਤੇ ਸੁਮੀਤ ਸਿੰਘ ਨੇ ਰਾਜ ਅੰਦਰਲੇ ਸਕੂਲ, ਕਾਲਜਾਂ ਤੇ ਹੋਰ ਵਿੱਦਿਅਕ ਅਦਾਰਿਆਂ ਵਿਚ ਪੰਜਾਬੀ ਦੇ ਅਧਿਆਪਕ ਪੱਕੇ ਤੌਰ 'ਤੇ ਭਰਤੀ ਕੀਤੇ ਜਾਣ ਤਾਂ ਜੋ ਮਾਤ ਭਾਸ਼ਾ ਵਿਚ ਉਚ ਵਿੱਦਿਆ ਪ੍ਰਾਪਤ ਕਰਨ ਮਗਰੋਂ ਰੁਜ਼ਗਾਰ ਦੇ ਵਧੀਆ ਵਸੀਲੇ ਪੈਦਾ ਹੋ ਸਕਣ।ਪਰਮਜੀਤ ਸਿੰਘ ਅਤੇ ਡਾ. ਕਸ਼ਮੀਰ ਸਿੰਘ ਨੇ ਕਿਹਾ ਕਿ ਆਪਣੇ ਘਰਾਂ ਤੇ ਵਪਾਰਕ ਅਦਾਰਿਆਂ ਤੇ ਮਾਤ ਭਾਸ਼ਾ ਨੂੰ ਅਹਿਮੀਅਤ ਦੇਂਦਿਆਂ ਪੰਜਾਬੀ ਹੋਣ 'ਤੇ ਮ

23-FEB-PAGE-4.qxd 2/22/2025 10:50 PM Page 1

ਸਮੂਰਾਂ 'ਚ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਪੁਰਬ ਮਨਾਇਆ

ਦਿੜ੍ਹਬਾ (ਜਸਵੀਰ ਲਾਡੀ)-ਨੇੜਲੇ ਪਿੰਡ ਸਮੂਰਾਂ ਵਿਖੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 648ਵਾਂ ਪ੍ਰਕਾਸ਼ ਪੁਰਬ ਮਨਾਇਆ ਗਿਆ। ਇਸ ਦੌਰਾਨ ਸਤਿਗੁਰੂ ਰਵਿਦਾਸ ਧਰਮਸ਼ਾਲਾ ਸਮੂਰਾਂ ਵਿਖੇ ਸਤਿਗੁਰੂ ਰਵਿਦਾਸ ਜੀ ਦੀ ਅੰਮ੍ਰਿਤ ਬਾਣੀ ਜੀ ਦੇ ਅਖੰਡ ਪਾਠ ਦੇ ਭੋਗ ਪਾਏ ਗਏ। ਉਪਰੰਤ ਕਥਾ ਕੀਰਤਨ ਭਾਈ ਜਗਸੀਰ ਸਿੰਘ ਕੈਂਪਰ ਦੁਆਰਾ ਕੀਤਾ ਗਿਆ।ਉਨ੍ਹਾਂ ਸੰਗਤ ਨੂੰ ਸਤਿਗੁਰੂ ਰਵਿਦਾਸ ਜੀ ਦੀ ਬਾਣੀ ਤੇ ਜੀਵਨੀ 'ਤੇ ਚਾਨਣਾ ਪਾਇਆ।ਇਸ ਮੌਕੇ ਗੁਰੂ ਰਵਿਦਾਸ ਕਮੇਟੀ ਸਮੂਰਾਂ ਦੇ ਪ੍ਰਧਾਨ ਹੈਪੀ ਸਿੰਘ, ਸੈਕਟਰੀ ਰਾਜੂ ਸਿੰਘ, ਖਜ਼ਾਨਚੀ ਪੂਰਨ ਸਿੰਘ, ਨਾਲ ਮੈਂਬਰ ਗੁਰਸੇਵਕ ਸਿੰਘ, ਜਸਬੀਰ ਸਿੰਘ, ਰਣਜੀਤ ਸਿੰਘ, ਕੁਲਵੀਰ ਸਿੰਘ, ਜਗਤਾਰ ਸਿੰਘ, ਮਨਜੀਤ ਸਿੰਘ, ਜਗਦੇਵ ਸਿੰਘ, ਸੁਖਦੇਵ ਸਿੰਘ, ਗੱਗੀ ਸਿੰਘ, ਜਗਸੀਰ ਸਿੰਘ, ਗੁਰਸੇਵਕ ਸੇਵੀ, ਮੰਗੂ ਸਿੰਘ ਤੇ ਪਿੰਡ ਦੀ ਸਮੁੱਚੀ ਸੰਗਤ ਹਾਜ਼ਰ ਸੀ। ਸਮਾਗਮ ਦੇ ਅਖੀਰ 'ਚ ਪ੍ਰਧਾਨ ਹੈਪੀ ਸਿੰਘ ਦੁਆਰਾ ਹਾਜ਼ਰ ਸੰਗਤਾਂ ਦਾ ਧੰਨਵਾਦ ਕੀਤਾ ਗਿਆ।

ਵਿਧਾਇਕ ਸੁਖਾਨੰਦ ਵੱਲੋਂ ਨਵੇਂ ਬਿਜਲੀ ਪ੍ਰਾਜੈਕਟ ਦਾ ਉਦਘਾਟਨ

ਬਾਘਾ ਪੁਰਾਣਾ (ਮਨੀ ਸਿੰਗਲਾ)-ਹਲਕਾ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਨੇ ਪਿੰਡ ਨੱਥੂਵਾਲਾ ਵਿਖੇ ਬਣੇ ਬਿਜਲੀ ਗਰਿੱਡ ਵਿੱਚ ਬਿਜਲੀ ਦੀ ਘਾਟ ਨਾਲ ਨਜਿੱਠਣ ਲਈ ਨਵੇਂ ਤਿੰਨ ਬ੍ਰੇਕਰ ਤੇ ਇੱਕ ਲਾਈਨ ਬਿਜਲੀ ਦੀ ਸਪਲਾਈ ਨੂੰ ਨਿਰਵਿਘਨ ਕਰਨ ਲਈ ਨਵੇਂ ਪ੍ਰਾਜੈਕਟ ਦਾ ਉਦਘਾਟਨ ਕੀਤਾ, ਜਿਸ ਦੀ ਲਾਗਤ ਲਗਭਗ 30 ਲੱਖ ਦੇ ਕਰੀਬ ਆਈ ਹੈ।ਉਨ੍ਹਾਂ ਕਿਹਾ ਕਿ ਬਾਘਾ ਪੁਰਾਣਾ ਹਲਕੇ ਦੇ ਨੱਥੂਵਾਲਾ, ਹਰੀਏਵਾਲਾ, ਭਲੂਰ, ਮਾਹਲਾ ਖੁਰਦ, ਵੱਡਾ ਘਰ ਤੇ ਛੋਟਾ ਘਰ ਦੇ ਪਿੰਡਾਂ ਨੂੰ ਬਰੇਕਰ ਨਾ ਹੋਣ ਕਰ ਕੇ ਬਿਜਲੀ ਦੀ ਸਪਲਾਈ ਘੱਟ ਮਿਲਦੀ ਸੀ, ਇਹ ਕਾਫੀ ਲੰਮੇ ਸਮੇਂ ਤੋਂ ਮੰਗ ਚੱਲੀ ਆ ਰਹੀ ਸੀ, ਜਿਸ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਬਿਜਲੀ ਦੀ ਸਪਲਾਈ ਨੂੰ ਨਿਰਵਿਘਨ ਕਰ ਕੇ ਪੂਰਾ ਕੀਤਾ।ਉਨ੍ਹਾਂਕਿਹਾ ਕਿ ਬਰੇਕਰ ਨਾ ਹੋਣ ਕਰ ਕੇ ਪਿੰਡਾਂ ਨੂੰ ਬਿਜਲੀ ਦੀ ਸਪਲਾਈ ਦੇਣ ਵਿੱਚ ਮੁਸ਼ਕਲ ਆਉਂਦੀ ਸੀ, ਕਿਉਂਕਿ ਬਰੇਕਰ ਨਾਲ ਜਿਵੇਂ ਇੱਕ ਲਾਈਨ ਦੀ ਸਪਲਾਈ ਕੱਟ ਕੇ ਦੂਜੀ ਲਾਈਨ ਨੂੰ ਦਿੱਤੀ ਜਾਂਦੀ ਹੈ ਤਾਂ ਕਿ ਹਰੇਕ ਪਿੰਡ ਨੂੰ ਬਿਜਲੀ ਦੀ ਸਪਲਾਈ ਮਿਲੇ।ਉਨ੍ਹਾ ਕਿਹਾ ਕਿ ਪਿੰਡਾਂ ਵਿੱਚ ਬਿਜਲੀ ਦੀ ਸਪਲਾਈ ਦੀ ਸਰਕਾਰ ਵੱਲੋਂ ਕੋਈ ਘਾਟ ਨਹੀਂ ਆਉਣ ਦਿੱਤੀ ਜਾਵੇਗੀ।ਇਸ ਮੌਕੇ ਬਿਜਲੀ ਬੋਰਡ ਦੇ ਐਕਸੀਅਨ ਜਸਵੀਰ ਸਿੰਘ, ਪ੍ਰੇਮ ਸਿੰਘ ਬਾਠ ਬਲਾਕ ਪ੍ਰਧਾਨ ਨੱਥੂਵਾਲਾ, ਬਲਵਿੰਦਰ ਸਿੰਘ ਬਲਾਕ ਪ੍ਰਧਾਨ ਮਾਹਲਾ, ਸਰਪੰਚ ਨਿਰਵੈਰ ਸਿੰਘ, ਪੁਰਸਿੰਦਰ ਸਿੰਘ, ਸਰਪੰਚ ਅਰਸ਼ ਭਲੂਰ, ਸੰਦੀਪ ਸਿੰਘ ਸੋਨੀ ਧਾਲੀਵਾਲ, ਵਿਕਰਮਜੀਤ ਸਿੰਘ ਸੁਖਾਨੰਦ, ਧਰਮਪ੍ਰੀਤ ਸਿੰਘ ਕੈਥ, ਕੁਲਵੀਰ ਸਿੰਘ ਸਰਪੰਚ ਹਰੀਏਵਾਲਾ, ਦਲਜੀਤ ਸਿੰਘ ਨਾਥੇਵਾਲਾ ਤੇ ਹੋਰ ਅਧਿਕਾਰੀ, ਪਿੰਡ ਵਾਸੀ ਹਾਜ਼ਰ ਸਨ।

ਨਸ਼ਿਆਂ ਤੇ ਸਾਈਬਰ ਕ੍ਰਾਈਮ ਨੂੰ ਰੋਕਣ ਲਈ ਘੱਗਾ ਪੁਲਸ ਵੱਲੋਂ ਜਾਗਰੂਕਤਾ ਕੈਂਪ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਪੰਜਾਬ ਸਰਕਾਰ ਦੇ ਨਿਰਦੇਸ਼ਾਂ 'ਤੇ ਪੁਲਸ ਵਿਭਾਗ ਵੱਲੋਂ ਨਸ਼ਿਆਂ ਤੇ ਦਿਨੋਂ ਦਿਨ ਵਧਦੇ ਸਾਈਬਰ ਕ੍ਰਾਈਮ ਸਬੰਧੀ ਲੋਕਾਂ ਨੂੰ ਜਾਗਰੂਕ ਕਰਨ ਦੇ ਮਕਸਦ ਨਾਲ ਸ਼ੁਰੂ ਕੀਤੀ ਗਈ ਮੁਹਿੰਮ ਤਹਿਤ ਪੁਲਸ ਥਾਣਾ ਘੱਗਾ ਦੇ ਮੁੱਖ ਅਫਸਰ ਬਲਜੀਤ ਸਿੰਘ ਤੇ ਸਾਂਝ ਕੇਂਦਰ ਦੇ ਇੰਚਾਰਜ ਹਰਵਿੰਦਰ ਸਿੰਘ ਦੀ ਅਗਵਾਈ ਵਿੱਚ ਬੱਸ ਸਟੈਂਡ ਘੱਗਾ ਵਿਖੇ ਲੋਕਾਂ ਨੂੰ ਜਾਗਰੂਕ ਕੀਤਾ ਗਿਆ।ਇਸ ਦੌਰਾਨ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵ, ਸਮਾਜ ਵਿੱਚ ਵਧੀਆ ਜੀਵਨ ਬਤੀਤ ਕਰਨ, ਸਾਈਬਰ ਕ੍ਰਾਈਮ, ਬੱਚਿਆਂ ਤੇ ਔਰਤਾਂ ਵਿਰੁੱਧ ਅਪਰਾਧ ਤੇ ਸਾਂਝ ਕੇਦਰਾਂ ਵੱਲੋਂ ਦਿੱਤੀਆਂ ਜਾ ਰਹੀਆਂ ਸੇਵਾਵਾ ਬਾਰੇ ਜਾਣੂ ਕਰਵਾਇਆ ਗਿਆ।ਸਾਂਝ ਕੇਂਦਰ ਘੱਗਾ ਦੇ ਇੰਚਾਰਜ ਹਰਵਿੰਦਰ ਸਿੰਘ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੌਜੂਦਾ ਦੌਰ ਵਿੱਚ ਦਿਨੋਂ ਦਿਨ ਵਧ ਰਹੇ ਨਸ਼ਿਆਂ ਦੇ ਪ੍ਰਕੋਪ ਕਰਕੇ ਨੌਜਵਾਨ ਪੀੜ੍ਹੀ ਇਸ ਦੀ ਲਪੇਟ ਵਿੱਚ ਆ ਰਹੀ ਹੈ, ਜਿਸ ਕਰਕੇ ਆਉਣ ਵਾਲਾ ਭਵਿੱਖ ਧੁੰਦਲਾ ਨਜ਼ਰ ਆ ਰਿਹਾ ਹੈ।ਉਨ੍ਹਾਂ ਕਿਹਾ ਕਿ ਇੰਟਰਨੈੱਟ ਦੇ ਦੌਰ ਦੌਰਾਨ ਵੱਖ-ਵੱਖ ਤਰ੍ਹਾਂ ਦੇ ਅਪਰਾਧ ਦਿਨੋਂ ਦਿਨ ਵਧ ਰਹੇ ਹਨ, ਜਿਨ੍ਹਾਂ ਤੋਂ ਬਚਾ ਲਈ ਲੋਕਾਂ ਦਾ ਜਾਗਰੂਕ ਹੋਣਾ ਬੇਹੱਦ ਜ਼ਰੂਰੀ ਹੈ।ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਵਧਦੇ ਅਪਰਾਧਾਂ ਨੂੰ ਰੋਕਣ ਲਈ ਪੁਲਸ ਤੇ ਜਨਤਾ ਦਾ ਆਪਸੀ ਸਹਿਯੋਗ ਬੇਹੱਦ ਜ਼ਰੂਰੀ ਹੈ। ਇਸ ਗੱਲ ਨੂੰ ਧਿਆਨ ਵਿੱਚ ਰੱਖਦਿਆਂ ਸਾਨੂੰ ਹਰ ਇੱਕ ਨੂੰ ਆਪਣੇ ਨੇੜੇ ਹੋਣ ਵਾਲੇ ਕਿਸੇ ਵੀ ਕਿਸਮ ਦੇ ਅਪਰਾਧ ਨੂੰ ਰੋਕਣ ਲਈ ਪੁਲਸ ਨੂੰ ਸਹਿਯੋਗ ਕਰਨਾ ਚਾਹੀਦਾ ਹੈ।

ਮਿੰਨੀ ਸਕੱਤਰੇਤ ਨੂੰ ਹਰਿਆ-ਭਰਿਆ ਬਣਾਉਣ ਲਈ ਲਗਾਏ ਪੌਦੇ

ਬਠਿੰਡਾ (ਪਰਵਿੰਦਰ ਜੀਤ ਸਿੰਘ)-ਡਿਪਟੀ ਕਮਿਸ਼ਨਰ ਸ੍ਰੀ ਸ਼ੌਕਤ ਅਹਿਮਦ ਪਰੇ, ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ ਸ੍ਰੀ ਅੰਮ੍ਰਿਤ ਲਾਲ ਅਗਰਵਾਲ ਤੇ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਮੈਡਮ ਪੂਨਮ ਸਿੰਘ ਨੇ ਸਥਾਨਕ ਮਿੰਨੀ ਸਕੱਤਰੇਤ ਦੀ ਸੁੰਦਰਤਾ ਨੂੰ ਵਧਾਉਣ ਲਈ ਬੋਤਲ ਪਾਮ ਦੇ ਪੌਦੇ ਲਗਾਏ।ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪੌਦੇ ਜਿਥੇ ਸੁੰਦਰਤਾ ਨੂੰ ਵਧਾਉਣ ਵਿੱਚ ਅਹਿਮ ਰੋਲ ਅਦਾ ਕਰਦੇ ਹਨ, ਉਥੇ ਪੌਦਿਆਂ ਦੀ ਸਥਾਪਨਾ ਨਾਲ ਆਲਾ-ਦੁਆਲਾ ਸਾਫ-ਸੁਥਰਾ ਤੇ ਗੰਦਗੀ ਮੁਕਤ ਰਹਿੰਦਾ ਹੈ।ਉਨ੍ਹਾਂ ਕਿਹਾ ਕਿ ਬੂਟੇ ਲਗਾਉਣ ਦੇ ਨਾਲ-ਨਾਲ ਇਨ੍ਹਾਂ ਦਾ ਪਾਲਣਾ ਪੋਸ਼ਣ ਵੀ ਯਕੀਨੀ ਬਣਾਇਆ ਜਾਵੇ।ਇਸ ਮੌਕੇ ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ ਸ੍ਰੀ ਅੰਮ੍ਰਿਤ ਲਾਲ ਅਗਰਵਾਲ ਨੇ ਕਿਹਾ ਕਿ ਸਾਫ-ਸਫਾਈ ਦੀ ਮਹੱਤਤਾ ਸਾਨੂੰ ਸਮਝਣੀ ਪਵੇਗੀ ਤੇ ਹਰ ਇਕ ਵਿਅਕਤੀ ਲਈ ਸਾਫ-ਸੁਥਰਾ ਮਾਹੌਲ ਕਾਇਮ ਕਰਨਾ ਬਹੁਤ ਜ਼ਰੂਰੀ ਹੈ।ਉਨ੍ਹਾ ਸ਼ਹਿਰ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਸ਼ੁੱਧ ਵਾਤਾਵਰਣ ਦੀ ਸਿਰਜਣਾ ਲਈ ਬੂਟੇ ਲਗਾਏ ਜਾਣ ਤੇ ਸਾਫ-ਸਫਾਈ ਰੱਖੀ ਜਾਵੇ।ਇਸ ਮੌਕੇ ਡਿਪਟੀ ਕਮਿਸ਼ਨਰ ਨੇ ਨਿੱਜੀ ਸਹਾਇਕ ਸ੍ਰੀ ਭੂਸ਼ਨ ਕੁਮਾਰ, ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ ਦੇ ਨਿੱਜੀ ਸਹਾਇਕ ਰਿਸ਼ੂ ਬਾਂਸਲ ਤੋਂ ਇਲਾਵਾ ਕਰਮਜੀਤ ਸਿੰਘ ਆਦਿ ਹਾਜ਼ਰ ਸਨ।

ਮਾਤਾ ਹਰਦੇਈ ਸਕੂਲ 'ਚ ਵਿਦਾਇਗੀ ਪਾਰਟੀ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਮਾਤਾ ਹਰਦੇਈ ਨੈਸ਼ਨਲ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ ਮਾਛੀਵਾੜਾ ਸਾਹਿਬ ਵਿਖੇ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਵਿਦਾਇਗੀ ਪਾਰਟੀ ਦਿੱਤੀ ਗਈ। ਪ੍ਰਿੰਸੀਪਲ ਬਲਜੀਤ ਸਿੰਘ ਨੇ ਰਿਬਨ ਕੱਟ ਕੇ ਸਮਾਰੋਹ ਦੀ ਸ਼ੁਰੂਆਤ ਕੀਤੀ ਤੇ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ ਗਈ ਅਤੇ ਚੰਗੀਆਂ ਉੱਚੀਆਂ ਮੰਜ਼ਲਾਂ ਪ੍ਰਾਪਤ ਕਰਨ ਦਾ ਆਸ਼ੀਰਵਾਦ ਦਿੱਤਾ। ਵੱਖ-ਵੱਖ ਵਿਦਿਆਰਥੀਆਂ ਨੇ ਆਪੋ ਆਪਣੀ ਕਾਬਲੀਅਤ ਅਨੁਸਾਰ ਵੱਖ ਵੱਖ ਮਨੋਰੰਜਕ ਗਤੀਵਿਧੀਆਂ 'ਚ ਸ਼ਮੂਲੀਅਤ ਕਰਕੇ ਆਪਣਾ ਹੁਨਰ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਲਈ ਬੜੇ ਸਨੇਹ ਤੇ ਸੁਹਿਰਦਤਾ ਪੂਰਵਕ ਪੇਸ਼ ਕਰਕੇ ਇੱਕ ਚੰਗੇ ਸਹਿਕਰਮੀ ਹੋਣ ਦਾ ਸਬੂਤ ਦਿੱਤਾ। ਇਸ ਦੌਰਾਨ ਸਕੂਲ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੁਰਿੰਦਰ ਕੁੰਦਰਾ ਤੇ ਖ਼ਜ਼ਾਨਚੀ ਜੇ. ਪੀ. ਮੱਕੜ ਖ਼ਾਸ ਤੌਰ 'ਤੇ ਵਿਦਿਆਰਥੀਆਂ ਨੂੰ ਆਸ਼ੀਰਵਾਦ ਦੇਣ ਲਈ ਪਹੁੰਚੇ। ਵਿਦਿਆਰਥੀਆਂ 'ਚ ਮਿਸ ਫੇਅਰਵੈੱਲ ਮੁਕਾਬਲਾ ਕਰਵਾਇਆ ਗਿਆ, ਜਿਸ ਵਿੱਚ ਰਮਨਪ੍ਰੀਤ ਕੌਰ (ਕਾਮਰਸ) ਮਿਸ ਕੌਨਫੀਡੈਂਸ, ਜੈਸਮੀਨ ਕੌਰ (ਸਾਇੰਸ) ਮਿਸ ਚਾਰਮਿੰਗ, ਜਸ਼ਨਦੀਪ ਕੌਰ (ਕਾਮਰਸ) ਦੂਜਾ ਦਰਜਾ, ਗਗਨਦੀਪ ਕੌਰ (ਸਾਇੰਸ) ਪਹਿਲਾ ਦਰਜਾ ਤੇ ਮਿਸ ਫੇਅਰਵੈੱਲ ਦਾ ਖ਼ਿਤਾਬ ਕਿਰਨਦੀਪ ਕੌਰ (ਆਰਟਸ) ਨੇ ਹਾਸਲ ਕੀਤਾ। ਇਸ ਸਮੇਂ ਸਟਾਫ਼ ਮੈਂਬਰਾਂ 'ਚ ਰਵਿੰਦਰ ਕੌਰ, ਹਰਿੰਦਰ ਕੌਰ, ਕਮਲਜੀਤ ਕੌਰ, ਰੂਹੀ ਸ਼ਰਮਾ, ਨਰਿੰਦਰ ਸਿੰਘ, ਹਰਿੰਦਰ ਦੀਪ ਸ਼ਰਮਾ, ਕਾਜਲ ਅਨੰਦ, ਸਿਮਰਜੀਤ ਕੌਰ, ਸੰਤੋਸ਼ ਗੁਪਤਾ, ਕਨਿਕਾ ਖੁੱਲਰ, ਮਨਜੋਤ ਕੌਰ, ਨਰਿੰਦਰ ਸਿੰਘ (ਕਮਿਸਟਰੀ) ਤੇ ਮਨਦੀਪ ਕੌਰ ਆਦਿ ਹਾਜ਼ਰ ਸਨ।

ਪੰਜਾਬੀ ਮਾਂ ਬੋਲੀ ਨੂੰ ਸਮਰਪਤ ਦੋ ਰੋਜ਼ਾ ਗੁਰਮੁਖੀ ਅੱਖਰਕਾਰੀ ਕਾਰਜਸ਼ਾਲਾ

ਰਾਜਪੁਰਾ (ਰਮੇਸ਼ ਕਟਾਰੀਆ)-ਸਥਾਨਕ ਪਟੇਲ ਮੈਮੋਰੀਅਲ ਨੈਸ਼ਨਲ ਕਾਲਜ ਰਾਜਪੁਰਾ ਦੇ ਪ੍ਰਿੰਸੀਪਲ ਡਾ. ਚੰਦਰ ਪ੍ਰਕਾਸ਼ ਗਾਂਧੀ ਦੀ ਅਗਵਾਈ ਤੇ ਮੁਖੀ ਪੰਜਾਬੀ ਵਿਭਾਗ ਡਾ. ਮਨਦੀਪ ਸਿੰਘ ਦੀ ਦੇਖ-ਰੇਖ ਹੇਠ ਅੰਤਰਾਸ਼ਟਰੀ ਮਾਤ ਭਾਸ਼ਾ ਦਿਵਸ ਮਨਾਇਆ ਗਿਆ, ਜਿਸ 'ਤੇ ਪੰਜਾਬੀ ਵਿਭਾਗ ਦੇ ਸਹਿਯੋਗ ਨਾਲ ਦੋ ਰੋਜ਼ਾ ਗੁਰਮੁਖੀ ਅੱਖਰਕਾਰੀ ਕਾਰਜਸ਼ਾਲਾ ਦਾ ਆਯੋਜਨ ਕੀਤਾ ਗਿਆ।ਇਸ ਕਾਰਜਸ਼ਾਲਾ ਉੱਤੇ ਮੁੱਖ ਮਹਿਮਾਨ ਦੇ ਤੌਰ 'ਤੇ ਸ੍ਰ. ਕਾਲਾ ਸਿੰਘ ਪੰਜਾਬੀ ਅਧਿਆਪਕ ਸਰਕਾਰੀ ਹਾਈ ਸਕੂਲ ਭਸਮੜਾ ਪਟਿਆਲਾ ਨੇ ਸ਼ਿਰਕਤ ਕੀਤੀ।ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਪ੍ਰਿੰਸੀਪਲ ਡਾ. ਚੰਦਰ ਪ੍ਰਕਾਸ਼ ਗਾਂਧੀ ਨੇ ਮੁੱਖ ਮਹਿਮਾਨ ਨੂੰ ਜੀ ਆਇਆਂ ਆਖਿਆ।ਡਾ. ਮਨਦੀਪ ਸਿੰਘ ਨੇ ਸੰਬੋਧਨ ਹੁੰਦਿਆਂ ਪੰਜਾਬੀ ਭਾਸ਼ਾ ਦੇ ਇਤਿਹਾਸ ਬਾਰੇ ਜਾਣਕਾਰੀ ਦਿੱਤੀ।ਉਨ੍ਹਾਂ ਆਖਿਆ ਕਿ ਹਰੇਕ ਵਿਅਕਤੀ ਦੀ ਮਾਤ ਭਾਸ਼ਾ ਹੁੰਦੀ ਹੈ, ਜਿਹੜੀ ਉਸ ਨੂੰ ਜਨਮ ਤੋਂ ਹੀ ਪ੍ਰਾਪਤ ਹੁੰਦੀ ਹੈ ਅਤੇ ਜਿਸ ਵਿੱਚ ਉਹ ਆਪਣੇ ਵਿਚਾਰਾਂ ਤੇ ਭਾਵਾਂ ਨੂੰ ਦੂਜਿਆਂ ਸਾਹਮਣੇ ਵਿਅਕਤ ਕਰ ਸਕਦਾ ਹੈ।ਇਸ ਉਪਰੰਤ ਮੁੱਖ ਮਹਿਮਾਨ ਕਾਲਾ ਸਿੰਘ ਨੇ ਵਿਦਿਆਰਥੀਆਂ ਨੂੰ ਗੁਰਮੁਖੀ ਅੱਖਰਕਾਰੀ ਦੀਆਂ ਤਕਨੀਕਾਂ ਬਾਰੇ ਦੱਸਿਆ।ਉਨ੍ਹਾ ਕਿਹਾ ਕਿ ਸੋਹਣੀ ਅੱਖਰਕਾਰੀ ਵਿੱਚ ਪਦਮਸ਼੍ਰੀ ਐਵਾਰਡ ਵੀ ਪ੍ਰਾਪਤ ਹੋ ਚੁੱਕੇ ਹਨ।ਮੰਚ ਸੰਚਾਲਨ ਤੇ ਧੰਨਵਾਦ ਦੀ ਰਸਮ ਪ੍ਰੋ. ਅਵਤਾਰ ਸਿੰਘ ਨੇ ਨਿਭਾਈ।ਇਸ ਮੌਕੇ ਡਾ. ਵੰਦਨਾ ਗੁਪਤਾ, ਡਾ. ਹਰਿੰਦਰਪਾਲ ਕੌਰ, ਡਾ. ਅਮਨਪ੍ਰੀਤ ਕੌਰ, ਪ੍ਰੋ. ਮਨਦੀਪ ਕੌਰ, ਪ੍ਰੋ. ਸਤਬੀਰ ਕੌਰ, ਪ੍ਰੋ. ਸਤਵਿੰਦਰ ਕੌਰ, ਪ੍ਰੋ. ਸੰਦੀਪ ਕੌਰ, ਡਾ. ਸਵਰਨਜੀਤ ਕੌਰ, ਡਾ. ਹਰਜਿੰਦਰ ਕੌਰ, ਡਾ. ਮਨਿੰਦਰ ਕੌਰ, ਪ੍ਰੋ. ਦਲਜੀਤ ਸਿੰਘ, ਪ੍ਰੋ. ਪਵਨਦੀਪ ਕੌਰ, ਡਾ. ਗੁਰਜਿੰਦਰ ਸਿੰਘ, ਡਾ. ਗਗਨਦੀਪ ਕੌਰ, ਡਾ. ਪਵਨਦੀਪ ਕੌਰ, ਹਰਪ੍ਰੀਤ ਸਿੰਘ ਕੋਚ ਤੇ ਸਮੂਹ ਵਿਦਿਆਰਥੀ ਹਾਜ਼ਰ ਸਨ।

ਮਾਤਾ ਸੁੰਦਰੀ ਕਾਲਜ ਵਿਖੇ 7 ਨੂੰ ਮਨਾਇਆ ਜਾਵੇਗਾ ਮਹਿਲਾ ਦਿਵਸ : ਏ ਡੀ ਸੀ

ਮਾਨਸਾ (ਆਤਮਾ ਸਿੰਘ ਪਮਾਰ)

ਅੰਤਰਾਸ਼ਟਰੀ ਮਹਿਲਾ ਦਿਵਸ ਭਿੰਨ-ਭਿੰਨ ਸਮਾਜਿਕ, ਰਾਜਨੀਤਕ ਤੇ ਸੰਸਕ੍ਰਿਤਕ ਖੇਤਰਾਂ ਵਿੱਚ ਵਿਲੱਖਣ ਪ੍ਰਾਪਤੀਆਂ ਕਰਨ ਵਾਲੀਆਂ ਮਹਿਲਾਵਾਂ ਨੂੰ ਸਨਮਾਨਤ ਕਰਨ ਸਦਕਾ ਮਨਾਇਆ ਜਾਂਦਾ ਹੈ।ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਨਿਰਮਲ ਓਸੋਪਚਨ ਨੇ 7 ਮਾਰਚ ਨੂੰ ਸਥਾਨਕ ਮਾਤਾ ਸੁੰਦਰੀ ਗਰਲਜ਼ ਕਾਲਜ ਵਿਖੇ ਮਨਾਏ ਜਾਣ ਵਾਲੇ ਅੰਤਰ-ਰਾਸ਼ਟਰੀ ਮਹਿਲਾ ਦਿਵਸ ਸਬੰਧੀ ਕਰਵਾਏ ਜਾਣ ਵਾਲੇ ਸਮਾਗਮ ਦੇ ਪ੍ਰਬੰਧਾਂ ਸਬੰਧੀ ਕੀਤੀ ਗਈ ਅਹਿਮ ਮੀਟਿੰਗ ਦੌਰਾਨ ਕੀਤਾ।ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਸਮਾਗਮ ਦੌਰਾਨ ਵੱਖ-ਵੱਖ ਖੇਤਰਾਂ ਵਿੱਚ ਵਿਲੱਖਣ ਪ੍ਰਾਪਤੀਆਂ ਕਰਨ ਵਾਲੀਆਂ ਮਾਨਸਾ ਜ਼ਿਲ੍ਹੇ ਦੀਆਂ 15 ਦੇ ਕਰੀਬ ਮਹਿਲਾਵਾਂ ਨੂੰ ਸਨਮਾਨਤ ਕੀਤਾ ਜਾਵੇਗਾ।ਉਨ੍ਹਾ ਕਿਹਾ ਕਿ ਇਸ ਮੌਕੇ ਵੱਡੇ ਪੱਧਰ 'ਤੇ ਰੰਗੋਲੀ ਦੇ ਮੁਕਾਬਲੇ ਕਰਵਾਏ ਜਾਣਗੇ ਤੇ ਜੇਤੂ ਟੀਮਾਂ ਨੂੰ ਸਨਮਾਨਤ ਵੀ ਕੀਤਾ ਜਾਵੇਗਾ।ਇਸ ਤੋਂ ਇਲਾਵਾ ਸਮਾਗਮ ਦੌਰਾਨ ਸੱਭਿਆਚਾਰਕ ਗਤੀਵਿਧੀਆਂ ਤੇ ਪ੍ਰਦਰਸ਼ਨੀਆਂ ਵੀ ਲਗਾਈਆਂ ਜਾਣਗੀਆਂ।ਇਸ ਸਮਾਗਮ ਨੂੰ ਸਫ਼ਲਤਾਪੂਰਵਕ ਨੇਪਰੇ ਚੜ੍ਹਾਉਣ ਲਈ ਕਮੇਟੀਆਂ ਗਠਿਤ ਕੀਤੀਆਂ ਗਈਆਂ ਹਨ।

ਫੈਜ਼ਗੜ੍ਹ ਦੇ ਸਰਪੰਚ ਦੀ ਭੇਦਭਰੀ ਹਾਲਤ 'ਚ ਮੌਤ, 6 ਵਿਰੁੱਧ ਕੇਸ ਦਰਜ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)

23-FEB-PAGE-5.qxd 2/22/2025 10:49 PM Page 1

ਮੋਦੀ ਸਰਕਾਰ ਦੀ ਖੇਤੀ ਮੰਡੀਕਰਨ ਬਾਰੇ ਕੌਮੀ ਨੀਤੀ ਕਿਸਾਨ ਵਿਰੋਧੀ : ਬਲਕਰਨ ਬਰਾੜ

- ਕੁੱਲ ਹਿੰਦ ਕਿਸਾਨ ਸਭਾ ਦਾ ਡੈਲੀਗੇਟ ਅਜਲਾਸ ਸੰਪੰਨ
- ਸੁਖਜਿੰਦਰ ਸਿੰਘ ਤੂੰਬੜਭੰਨ ਚੁਣੇ ਗਏ ਜ਼ਿਲ੍ਹਾ ਪ੍ਰਧਾਨ
- 5 ਮਾਰਚ ਦੇ ਚੰਡੀਗੜ੍ਹ ਧਰਨੇ 'ਚ ਸ਼ਾਮਲ ਹੋਣ ਦਾ ਐਲਾਨ

ਫਰੀਦਕੋਟ (ਐਲਿਗਜੈਂਡਰ ਡਿਸੂਜਾ)-'ਕੇਂਦਰ ਸਰਕਾਰ ਦੇ ਖੇਤੀ ਮੰਤਰਾਲੇ ਵੱਲੋਂ 25 ਨਵੰਬਰ 2024 ਨੂੰ 'ਖੇਤੀ ਮੰਡੀਕਰਨ ਦੀ ਕੌਮੀ ਨੀਤੀ' ਬਾਰੇ ਜਾਰੀ ਕੀਤਾ ਖਰੜਾ ਕਿਸਾਨਾਂ ਵੱਲੋਂ ਦਿੱਲੀ ਦੀਆਂ ਹੱਦਾਂ 'ਤੇ 383 ਦਿਨ ਅਨੇਕਾਂ ਮੁਸੀਬਤਾਂ ਦਾ ਟਾਕਰਾ ਕਰਕੇ ਕੀਤੇ ਗਏ ਇਤਿਹਾਸਕ ਅੰਦੋਲਨ ਅਤੇ 740 ਕਿਸਾਨਾਂ ਦੀਆਂ ਸ਼ਹਾਦਤਾਂ ਬਾਅਦ ਮੋਦੀ ਸਰਕਾਰ ਵੱਲੋਂ ਮਜਬੂਰੀ ਕਾਰਨ ਵਾਪਸ ਲੈਣੇ ਪਏ ਤਿੰਨ ਕਾਲੇ ਖੇਤੀ ਕਾਨੂੰਨਾਂ ਨੂੰ ਹੀ ਟੇਢੇ ਢੰਗ ਨਾਲ ਲਾਗੂ ਕਰਨ ਦੀ ਚਾਲ ਹੈ, ਜਿਸ ਨੂੰ ਕਿਸੇ ਵੀ ਕੀਮਤ 'ਤੇ ਸਫਲ ਨਹੀਂ ਹੋਣ ਦਿੱਤਾ ਜਾਵੇਗਾ।' ਇਹ ਸ਼ਬਦ ਕੁੱਲ ਹਿੰਦ ਕਿਸਾਨ ਸਭਾ-1936 ਦੇ ਸੂਬਾ ਪ੍ਰਧਾਨ ਬਲਕਰਨ ਸਿੰਘ ਬਰਾੜ ਨੇ ਜਥੇਬੰਦੀ ਦੇ ਜ਼ਿਲ੍ਹਾ ਡੈਲੀਗੇਟ ਅਜਲਾਸ ਨੂੰ ਸੰਬੋਧਨ ਕਰਦੇ ਹੋਏ ਕਹੇ।ਕਿਸਾਨ ਆਗੂ ਹਰਦਿਆਲ ਸਿੰਘ ਘਾਲੀ, ਦਲੀਪ ਸਿੰਘ ਬਾਸੀ ਤੇ ਗੁਰਨਾਮ ਸਿੰਘ ਸਰਪੰਚ ਦੀ ਪ੍ਰਧਾਨਗੀ ਹੇਠ ਹੋਏ ਅਜਲਾਸ ਦੀ ਸ਼ੁਰੂਆਤ ਬਜ਼ੁਰਗ ਸਾਥੀ ਸ਼ਾਮ ਸੁੰਦਰ ਵੱਲੋਂ ਜਥੇਬੰਦੀ ਦਾ ਝੰਡਾ ਲਹਿਰਾਉਣ ਨਾਲ ਕੀਤੀ ਗਈ।ਆਪਣੇ ਉਦਘਾਟਨੀ ਭਾਸ਼ਣ ਵਿੱਚ ਸੂਬਾ ਪ੍ਰਧਾਨ ਨੇ ਦੱਸਿਆ ਕਿ ਮੋਦੀ ਸਰਕਾਰ ਦੀ ਤਜਵੀਜ਼ ਕੀਤੀ ਨਵੀਂ ਕਿਸਾਨ ਵਿਰੋਧੀ ਖੇਤੀ ਨੀਤੀ ਵਾਪਸ ਕਰਵਾਉਣ, ਐਮ ਐਸ ਪੀ ਦੀ ਕਾਨੂੰਨੀ ਗਾਰੰਟੀ ਲਾਗੂ ਕਰਵਾਉਣ ਦੇ ਨਾਲ-ਨਾਲ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਨਾਲ ਕੀਤੇ ਵਾਅਦੇ ਲਾਗੂ ਕਰਵਾਉਣ ਲਈ 5 ਮਾਰਚ ਤੋਂ ਸੰਯੁਕਤ ਕਿਸਾਨ ਮੋਰਚੇ ਦੇ ਚੰਡੀਗੜ੍ਹ ਧਰਨੇ ਵਿੱਚ ਜਥੇਬੰਦੀ ਆਪਣੀ ਪੂਰੀ ਸਮਰੱਥਾ ਨਾਲ ਸ਼ਾਮਲ ਹੋਵੇਗੀ।ਜਥੇਬੰਦੀ ਵੱਲੋਂ ਪਿਛਲੇ ਸਮੇਂ ਦੌਰਾਨ ਕੀਤੀਆਂ ਗਈਆਂ ਸਰਗਰਮੀਆਂ ਦੀ ਰਿਪੋਰਟ ਸੁਖਜਿੰਦਰ ਸਿੰਘ ਤੂੰਬੜਭੰਨ ਨੇ ਪੇਸ਼ ਕੀਤੀ, ਜਿਸ 'ਤੇ ਹੋਈ ਪੜਚੋਲ ਵਿੱਚ ਸਾਥੀ ਹਰਪਾਲ ਸਿੰਘ ਮਚਾਕੀ, ਪ੍ਰਦੀਪ ਸਿੰਘ ਬਰਾੜ, ਗੋਰਾ ਪਿਪਲੀ ਆਦਿ ਨੇ ਭਾਗ ਲਿਆ।ਰਿਪੋਰਟ ਨੂੰ ਹਾਜ਼ਰ ਡੈਲੀਗੇਟਾਂ ਨੇ ਸਰਬ ਸੰਮਤੀ ਨਾਲ ਪ੍ਰਵਾਨ ਕੀਤਾ, ਜਿਸ ਉਪਰੰਤ ਨਵੀਂ ਟੀਮ ਦੀ ਚੋਣ ਕੀਤੀ ਗਈ।ਸਾਥੀ ਸੁਖਜਿੰਦਰ ਸਿੰਘ ਤੂੰਬੜਭੰਨ ਨੂੰ ਦੁਬਾਰਾ ਜ਼ਿਲ੍ਹਾ ਪ੍ਰਧਾਨ ਚੁਣਿਆ ਗਿਆ।ਹਰਪਾਲ ਸਿੰਘ ਮਚਾਕੀ ਨੂੰ ਸੀਨੀਅਰ ਮੀਤ ਪ੍ਰਧਾਨ, ਜਤਿੰਦਰ ਸਿੰਘ ਜੰਡ ਵਾਲਾ ਨੂੰ ਜ਼ਿਲ੍ਹਾ ਜਨਰਲ ਸਕੱਤਰ, ਲਖਵਿੰਦਰ ਸਿੰਘ ਕੋਟ ਸੁਖੀਆ ਨੂੰ ਐਡੀਸ਼ਨਲ ਜਨਰਲ ਸਕੱਤਰ, ਮੇਜਰ ਸਿੰਘ ਜੌਹਲ ਨੂੰ ਕੈਸ਼ੀਅਰ, ਇੰਦਰਜੀਤ ਸਿੰਘ ਗਿੱਲ ਨੂੰ ਪ੍ਰੈੱਸ ਸਕੱਤਰ ਤੋਂ ਇਲਾਵਾ ਪ੍ਰਦੀਪ ਸਿੰਘ ਬਰਾੜ, ਸੁਖਚੈਨ ਸਿੰਘ ਥਾਂਦੇਵਾਲਾ ਤੇ ਮਲਕੀਤ ਸਿੰਘ ਮਾਨ ਨੂੰ ਜ਼ਿਲ੍ਹਾ ਕਮੇਟੀ ਮੈਂਬਰ ਚੁਣਿਆ ਗਿਆ।ਬਾਕੀ ਅਹੁਦੇ ਜਥੇਬੰਦੀ ਦੀ ਪਹਿਲੀ ਮੀਟਿੰਗ ਦੌਰਾਨ ਪੁਰ ਕੀਤੇ ਜਾਣਗੇ।ਸਿਕੰਦਰ ਸਿੰਘ ਔਲਖ ਤੇ ਕੁਲਦੀਪ ਸ਼ਰਮਾ ਨੇ ਭਰਾਤਰੀ ਸੰਦੇਸ਼ ਦਿੰਦੇ ਹੋਏ ਸੰਘਰਸ਼ਸ਼ੀਲ ਜਥੇਬੰਦੀਆਂ ਦਾ ਏਕਾ ਮਜ਼ਬੂਤ ਕਰਨ ਦਾ ਸੱਦਾ ਦਿੱਤਾ।ਨਵੀਂ ਚੁਣੀ ਟੀਮ ਨੇ ਪ੍ਰਣ ਕੀਤਾ ਕਿ ਉਹ ਆਪਣੇ ਨਿੱਜੀ ਘਰੇਲੂ ਕੰਮਾਂ ਤੋਂ ਜਥੇਬੰਦੀ ਦੇ ਕੰਮਾਂ ਨੂੰ ਪਹਿਲ ਦੇਣਗੇ ਤੇ ਦੇਸ਼ ਦੀ ਸਭ ਤੋਂ ਪੁਰਾਣੀ ਕਿਸਾਨ ਜਥੇਬੰਦੀ ਦੀ ਸ਼ਾਨ ਵਿੱਚ ਵਾਧਾ ਕਰਨ ਲਈ ਆਪਣੀ ਪੂਰੀ ਵਾਹ ਲਾਉਣਗੇ।ਅੰਤ ਵਿਚ ਭਾਰਤੀ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਸਕੱਤਰ ਅਸ਼ੋਕ ਕੌਸ਼ਲ ਨੇ ਸਫਲ ਅਜਲਾਸ ਲਈ ਸਾਰੇ ਆਗੂਆਂ ਤੇ ਵਰਕਰਾਂ ਨੂੰ ਵਧਾਈ ਦਿੰਦੇ ਹੋਏ ਆਉਣ ਵਾਲੇ ਸੰਘਰਸ਼ਾਂ ਲਈ ਤਿਆਰ ਰਹਿਣ ਦਾ ਸੱਦਾ ਦਿੱਤਾ। ਇਸ ਮੌਕੇ ਮਾਸਟਰ ਗੁਰਚਰਨ ਸਿੰਘ ਮਾਨ, ਰਮੇਸ਼ ਕੌਸ਼ਲ, ਸੁਖਵਿੰਦਰ ਸਿੰਘ ਤੇ ਗੁਰਸੇਵਕ ਸਿੰਘ ਕੋਟ ਸੁਖੀਆ, ਚਰਨਜੀਤ ਚੰਮੇਲੀ, ਰਮੇਸ਼ ਢੈਪਈ, ਅਮਰਜੀਤ ਸਿੰਘ ਕਲੇਰ, ਗਿਆਨੀ ਬਚਿੱਤਰ ਸਿੰਘ, ਦਰਸ਼ਨ ਸਿੰਘ, ਨੀਲਾ ਸਿੰਘ, ਪਰਮਜੀਤ ਸਿੰਘ, ਜਸਕਰਨ ਸਿੰਘ, ਗੁਰਜੰਟ ਸਿੰਘ, ਗੁਰਦੇਵ ਸਿੰਘ, ਇਸਤਰੀ ਆਗੂ ਬੀਬੀ ਆਸ਼ਾ, ਰਜਿੰਦਰ ਸਿੰਘ ਤੇ ਸੁਖਦੇਵ ਸਿੰਘ ਮੱਲੀ ਆਦਿ ਹਾਜ਼ਰ ਸਨ।

ਸੀਵਰੇਜ ਸਮੱਸਿਆ ਦੇ ਹੱਲ ਲਈ ਲੱਗਾ ਪੱਕਾ ਧਰਨਾ ਡੀ ਸੀ ਦੇ ਭਰੋਸੇ ਮਗਰੋਂ ਮੁਲਤਵੀ

- ਸੰਘਰਸ਼ ਕਮੇਟੀ ਵੱਲੋਂ ਜਥੇਬੰਦੀਆਂ ਤੇ ਸ਼ਹਿਰੀਆਂ ਦਾ ਧੰਨਵਾਦ

ਮਾਨਸਾ (ਆਤਮਾ ਸਿੰਘ ਪਮਾਰ)-ਸੀਵਰੇਜ ਸੰਘਰਸ਼ ਕਮੇਟੀ ਵੱਲੋਂ ਸਮੱਸਿਆ ਦੇ ਪੱਕੇ ਹੱਲ ਲਈ ਚੱਲ ਰਿਹਾ ਧਰਨਾ ਸ਼ਨੀਵਾਰ 118ਵੇਂ ਦਿਨ ਵੀ ਜਾਰੀ ਰਿਹਾ।ਧਰਨੇ ਦੀ ਅਗਵਾਈ ਵਾਇਸ ਪ੍ਰਧਾਨ ਨਗਰ ਕੌਂਸਲ ਰਾਮਪਾਲ ਸਿੰਘ ਬੱਪੀਆਣਾ, ਨਗਰ ਕੌਂਸਲਰ, ਰੇਖਾ ਰਾਣੀ, ਅੰਮ੍ਰਿਤ ਪਾਲ ਗੋਗਾ, ਹੰਸਾ ਸਿੰਘ ਤੇ ਅਜੀਤ ਸਿੰਘ ਸਰਪੰਚ ਦੀ ਅਗਵਾਈ ਵਿੱਚ ਸ਼ਹਿਰੀਆਂ ਤੇ ਸੰਸਥਾਵਾਂ ਦੇ ਸਹਿਯੋਗ ਨਾਲ ਕੀਤੀ ਗਈ।ਇਸ ਸਮੇਂ ਚੱਲ ਰਹੇ ਸੰਘਰਸ਼ ਦੀਆਂ ਮੌਜੂਦਾ ਪ੍ਰਸਥਿਤੀਆਂ 'ਤੇ ਵਿਚਾਰ ਵਟਾਂਦਰਾ ਕਰਨ ਲਈ ਬੀਤੇ ਕੱਲ੍ਹ ਅਤੇ ਅੱਜ ਲਗਾਤਾਰ ਦੂਸਰੇ ਦਿਨ ਵੀ ਸੰਘਰਸ਼ ਕਮੇਟੀ ਤੇ ਹੋਰ ਜਥੇਬੰਦੀਆਂ ਵੱਲੋਂ ਮੀਟਿੰਗਾਂ ਦਾ ਸਿਲਸਿਲਾ ਜਾਰੀ ਰਿਹਾ, ਕਿਉਂਕਿ ਸੀਵਰੇਜ ਸਮੱਸਿਆ ਦੇ ਹੱਲ ਲਈ ਸੀਵਰੇਜ ਬੋਰਡ ਦੇ ਅਧਿਕਾਰੀਆਂ ਵੱਲੋਂ ਟੈਂਡਰ ਲਗਾਉਣ ਉਪਰੰਤ ਧਰਨਾ ਖ਼ਤਮ ਕਰਨ ਜਾਂ ਮੁਲਤਵੀ ਕਰਨ ਬਾਰੇ ਵੱਖ ਵੱਖ ਵਿਚਾਰ ਆ ਰਹੇ ਸਨ।ਮੀਟਿੰਗ ਦੌਰਾਨ ਧਰਨਾ ਮੁਲਤਵੀ ਕਰਨ ਦਾ ਫੈਸਲਾ ਸਰਬਸੰਮਤੀ ਨਾਲ ਇਸ ਸ਼ਰਤ 'ਤੇ ਲਿਆ ਕਿ ਜੇ ਕੋਈ ਸਮਰੱਥ ਅਧਿਕਾਰੀ ਆ ਕੇ ਚੱਲ ਰਹੀ ਪ੍ਰਕਿਰਿਆ ਸਬੰਧੀ ਜਾਣਕਾਰੀ ਤੇ ਵਿਸ਼ਵਾਸ ਦਿਵਾ ਕੇ ਜਾਵੇ ਤਾਂ ਧਰਨਾ ਮੁਲਤਵੀ ਕਰ ਦਿੱਤਾ ਜਾਵੇਗਾ।ਇਸੇ ਦੌਰਾਨ ਮਾਨਯੋਗ ਡਿਪਟੀ ਕਮਿਸ਼ਨਰ ਮਾਨਸਾ ਧਰਨੇ ਵਾਲੀ ਜਗ੍ਹਾ 'ਤੇ ਆਏ ਤੇ ਸੀਵਰੇਜ ਦੇ ਹੱਲ ਸਬੰਧੀ ਕਾਲ ਕੀਤੇ ਟੈਂਡਰਾਂ ਸਬੰਧੀ ਵਿਸਥਾਰਤ ਜਾਣਕਾਰੀ ਦਿੰਦਿਆਂ ਬਹੁਤ ਜਲਦੀ ਕੰਮ ਸ਼ੁਰੂ ਕਰਵਾਉਣ ਦਾ ਭਰੋਸਾ ਵੀ ਦਿਵਾਇਆ, ਜਿਸ ਲਈ ਸੰਘਰਸ਼ ਕਮੇਟੀ, ਹਾਜ਼ਰ ਸਮੂਹ ਜਥੇਬੰਦੀਆਂ ਤੇ ਆਮ ਸ਼ਹਿਰੀਆਂ ਵੱਲੋਂ ਵਿਸ਼ਵਾਸ ਪ੍ਰਗਟਾਉਂਦਿਆਂ ਉਨ੍ਹਾਂ ਦਾ ਧੰਨਵਾਦ ਕੀਤਾ ਗਿਆ। ਡਿਪਟੀ ਕਮਿਸ਼ਨਰ ਵੱਲੋਂ ਸੰਘਰਸ਼ ਦੇ ਮੋਹਰੀ ਨਗਰ ਕੌਂਸਲਰਾਂ ਨੂੰ ਹਾਰ ਪਹਿਨਾ ਕੇ ਧਰਨਾ ਮੁਲਤਵੀ ਕਰਨ ਦੀ ਰਸਮ ਵੀ ਅਦਾ ਕੀਤੀ ਗਈ।ਸੰਘਰਸ਼ ਕਮੇਟੀ ਵੱਲੋਂ ਸਮੁੱਚੀਆਂ ਜਥੇਬੰਦੀਆਂ ਦੇ ਸਹਿਯੋਗ ਨਾਲ ਹੋਈ ਇਸ ਅੰਸ਼ਿਕ ਜਿੱਤ ਲਈ ਤਸੱਲੀ ਦਾ ਪ੍ਰਗਟਾਵਾ ਕਰਦਿਆਂ ਧਰਨਾ ਮੁਲਤਵੀ ਕਰਨ ਦਾ ਰਸਮੀ ਐਲਾਨ ਕਰ ਦਿੱਤਾ ਗਿਆ।ਉਨ੍ਹਾਂ ਪ੍ਰਸ਼ਾਸਨਕ ਅਧਿਕਾਰੀਆਂ ਤੋਂ ਕੌਂਸਲਰਾਂ ਤੇ ਸੀਵਰੇਜ ਸੰਘਰਸ਼ ਕਮੇਟੀ ਦੇ ਆਗੂਆਂ ਨੂੰ ਨਿਗਰਾਨ ਕਮੇਟੀ ਵਿੱਚ ਸ਼ਾਮਲ ਕਰਨ ਦੀ ਮੰਗ ਵੀ ਕੀਤੀ।ਅਖੀਰ ਵਿੱਚ ਆਗੂਆਂ ਵੱਲੋਂ ਸਮੁੱਚੀ ਪ੍ਰੈੱਸ ਦਾ ਵੀ ਸੰਘਰਸ਼ ਦੌਰਾਨ ਕੀਤੀ ਕਵਰੇਜ ਲਈ ਤਹਿ ਦਿਲੋਂ ਧੰਨਵਾਦ ਕੀਤਾ। ਸੰਘਰਸ਼ ਕਮੇਟੀ ਨੇ ਕਿਹਾ ਕਿ ਦੌਰਾਨ ਸ਼ਹਿਰ ਵਾਸੀਆਂ ਵੱਲੋਂ ਦਿੱਤੇ ਸਹਿਯੋਗ ਲਈ ਉਹ ਹਮੇਸ਼ਾ ਉਨ੍ਹਾਂ ਦੇ ਰਿਣੀ ਰਹਿਣਗੇ।ਇਸ ਦੌਰਾਨ ਧਰਨੇ ਦੀ ਅਗਵਾਈ ਕਰਨ ਵਾਲੇ ਨਗਰ ਕੌਂਸਲਰਾਂ ਨੂੰ ਵੀ ਸਾਂਝੇ ਤੌਰ 'ਤੇ ਸਨਮਾਨਤ ਕੀਤਾ ਗਿਆ।

ਇਸ ਸਮੇਂ ਰੁਲਦੂ ਸਿੰਘ ਮਾਨਸਾ, ਡਾ. ਧੰਨਾ ਮੱਲ ਗੋਇਲ, ਕ੍ਰਿਸ਼ਨ ਚੌਹਾਨ, ਸੁਖਦਰਸ਼ਨ ਨੱਤ, ਜਤਿੰਦਰ ਆਗਰਾ, ਜਸਬੀਰ ਕੌਰ ਨੱਤ, ਆਤਮਾ ਸਿੰਘ ਪਮਾਰ, ਐਡਵੋਕੇਟ ਬਲਕਰਨ ਬੱਲੀ, ਹਰਵਿੰਦਰ ਭਾਰਦਵਾਜ, ਸਾਬਕਾ ਕੌਂਸਲਰ ਪਰਮਜੀਤ ਸਿੰਘ ਢੁੰਡਾ ਤੇ ਗੁਰਦੀਪ ਸਿੰਘ ਦੀਪਾ, ਕੁਲਵੰਤ ਸਿੰਘ, ਜਸਵੰਤ ਸਿੰਘ ਮਾਨਸਾ, ਕ੍ਰਿਸ਼ਨਾ ਕੌਰ, ਗੁਰਬਿੰਦਰ ਸਿੰਘ ਧਾਲੀਵਾਲ ਆਦਿ ਆਗੂ ਮੌਜੂਦ ਸਨ।

ਪਾਥਵੇਜ਼ ਵੱਲੋਂ ਪੁਸਤਕ 'ਕਾਵਿ ਕਿਆਰੀ' ਰਿਲੀਜ਼

ਕੋਟ ਈਸੇ ਖਾਂ (ਅਰੋੜਾ)-ਪਾਥਵੇਜ਼ ਗਲੋਬਲ ਸਕੂਲ ਕੋਟ ਈਸੇ ਖਾਂ, ਜੋ ਇਲਾਕੇ ਦਾ ਨਾਮਵਾਰ ਆਈ ਸੀ ਐੱਸ ਈ ਦਿੱਲੀ ਬੋਰਡ ਤੋਂ ਮਾਨਤਾ ਪ੍ਰਾਪਤ ਸਕੂਲ ਹੈ ਅਤੇ ਆਪਣੇ ਬੱਚਿਆਂ ਨੂੰ ਵਰਲਡ ਕਲਾਸ ਦੀ ਐਜੂਕੇਸ਼ਨ ਦੇ ਰਿਹਾ ਹੈ, ਵਿਖੇ ਸੇਵਾ ਮੁਕਤ ਪ੍ਰਿੰਸੀਪਲ ਸ੍ਰੀ ਬੀ ਐੱਲ ਵਰਮਾ ਵੱਲੋਂ ਲਿਖੀ ਗਈ ਪੁਸਤਕ 'ਕਾਵਿ ਕਿਆਰੀ' ਦਾ ਰਿਲੀਜ਼ ਵਰਮਾ ਦੇ ਸਪੁੱਤਰ ਸ੍ਰੀ ਮਨੀਸ਼ ਵਰਮਾ ਤੇ ਪਾਥਵੇਜ਼ ਦੀ ਸਮੂਹ ਮੈਨੇਜਮੈਂਟ ਸਮੇਤ ਪੰਕਜ ਵਰਮਾ ਅਤੇ ਸਕੂਲ ਦੇ ਮਾਨਯੋਗ ਪ੍ਰਿੰਸੀਪਲ ਡਾਕਟਰ ਪੰਕਜ ਧਮੀਜਾ ਸਭ ਨੇ ਰਲ ਕੇ ਕੀਤਾ।ਪੁਸਤਕ ਰਿਲੀਜ਼ ਲਈ ਪਾਥਵੇਜ਼ ਵੱਲੋਂ ਇੱਕ ਵਿਸ਼ੇਸ਼ ਪ੍ਰੋਗਰਾਮ ਕੀਤਾ ਗਿਆ, ਜਿਸ ਵਿੱਚ ਪਾਥਵੇਜ਼ ਦੇ ਸਾਰੇ ਹੀ ਅਧਿਆਪਕ ਸ਼ਾਮਲ ਸਨ।ਇਸ ਮੌਕੇ ਸਕੂਲ ਦੇ ਕਮੇਟੀ ਮੈਂਬਰ ਮਾਨਯੋਗ ਚੇਅਰਮੈਨ ਸੁਰਜੀਤ ਸਿੰਘ ਸਿੱਧੂ, ਪ੍ਰਧਾਨ ਡਾ. ਅਨਿਲਜੀਤ ਕੰਬੋਜ, ਵਾਈਸ ਚੇਅਰਮੈਨ ਅਵਤਾਰ ਸਿੰਘ ਸੌਂਦ, ਚਾਹਤ ਕੰਬੋਜ, ਸਤਨਾਮ ਸਿੰਘ ਸੌਂਦ, ਗੁਰਪ੍ਰੀਤ ਸਿੰਘ ਸਿੱਧੂ ਕੌਂਸਲਰ, ਜੋਗਿੰਦਰ ਸਿੰਘ ਸਰਪੰਚ, ਜਸਵਿੰਦਰ ਸਿੰਘ ਸਿੱਧੂ, ਸਿਮਰਨਜੀਤ ਸਿੰਘ ਸਿੱਧੂ ਤੇ ਮਾਨਯੋਗ ਪ੍ਰਿੰਸੀਪਲ ਡਾਕਟਰ ਪੰਕਜ ਧਮੀਜਾ ਨੇ ਪੁਸਤਕ ਕਾਵਿ ਕਿਆਰੀ ਰਿਲੀਜ਼ ਹੋਣ 'ਤੇ ਸ੍ਰੀ ਬੀ ਐੱਲ ਵਰਮਾ ਨੂੰ ਵਧਾਈਆਂ ਦਿੱਤੀਆਂ।

ਗੁੱਡ ਮੌਰਨਿੰਗ ਕਲੱਬ ਨੇ ਮਾਂ ਬੋਲੀ ਦਿਵਸ ਮਨਾਇਆ

ਕੋਟਕਪੂਰਾ (ਭੁੱਲਰ)-ਬੀਤੇ ਦਿਨੀਂ ਗੁੱਡ ਮੌਰਨਿੰਗ ਕਲੱਬ ਕੋਟਕਪੂਰਾ ਨੇ ਅੰਤਰਰਾਸ਼ਟਰੀ ਮਾਂ ਬੋਲੀ ਦਿਵਸ ਮਨਾਇਆ, ਜਿਸ ਦੌਰਾਨ ਮੁੱਖ ਬੁਲਾਰੇ ਸ੍ਰ. ਦਲਜਿੰਦਰ ਸਿੰਘ ਸੰਧੂ ਨੇ ਬਹੁਤ ਹੀ ਵਧੀਆ ਸ਼ਾਇਰਾਨਾ ਲਹਿਜੇ ਵਿੱਚ ਮਾਂ ਬੋਲੀ ਪੰਜਾਬੀ ਪ੍ਰਤੀ ਆਪਣੀ ਸ਼ਰਧਾ ਵਿਅਕਤ ਕੀਤੀ ਅਤੇ ਮਾਂ ਬੋਲੀ ਨੂੰ ਪਿਆਰ ਕਰਨ ਲਈ ਪ੍ਰੇਰਿਆ, ਡਾ. ਮਨਜੀਤ ਸਿੰਘ ਨੇ ਮੁੱਖ ਬੁਲਾਰੇ ਸੰਧੂ ਦੀ ਮਾਂ ਬੋਲੀ ਉਤੇ ਪਕੜ ਤੇ ਸ਼ਰਧਾ ਨੂੰ ਖੂਬ ਸਲਾਹਿਆ ਤੇ ਭਰਪੂਰ ਸ਼ਲਾਘਾ ਕੀਤੀ। ਰਜਿੰਦਰ ਸਿੰਘ ਸਰਾਂ, ਗੁਰਿੰਦਰ ਸਿੰਘ ਮਹਿੰਦਰੱਤਾ, ਪ੍ਰੋ. ਦਰਸ਼ਨ ਸਿੰਘ, ਜਰਨੈਲ ਸਿੰਘ ਮਾਨ, ਮਨਤਾਰ ਸਿੰਘ ਮੱਕੜ ਤੇ ਗੁਰਦੀਪ ਸਿੰਘ ਮੈਨੇਜਰ ਆਦਿ ਨੇ ਵੀ ਆਪੋ ਆਪਣੇ ਵਿਚਾਰ ਦੇ ਕੇ ਮਾਂ ਬੋਲੀ ਪ੍ਰਤੀ ਸਤਿਕਾਰ ਤੇ ਪਿਆਰ ਪ੍ਰਗਟ ਕੀਤਾ।

ਗਰੀਨ ਸਕੂਲ ਪ੍ਰੋਗਰਾਮ ਤਹਿਤ ਰੋਜ਼ ਗਾਰਡਨ ਤੇ ਜੋਗਰ ਪਾਰਕ ਦਾ ਦੌਰਾ

ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)-ਪੀ ਐੱਮ ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੋਬਿੰਦਪੁਰਾ (ਬਠਿੰਡਾ) ਦੇ ਵਿਦਿਆਰਥੀਆਂ ਨੇ ਪ੍ਰਿੰਸੀਪਲ ਜਸਵੀਰ ਸਿੰਘ ਬੇਗਾ ਦੀ ਯੋਗ ਅਗਵਾਈ ਅਧੀਨ ਤੇ ਸਾਇੰਸ ਅਧਿਆਪਕਾਵਾਂ ਸ੍ਰੀਮਤੀ ਰੂਬੀ ਮਹਿਤਾ ਤੇ ਸ੍ਰੀਮਤੀ ਅਨੀਤਾ ਰਾਣੀ ਦੇ ਸਹਿਯੋਗ ਨਾਲ ਗਰੀਨ ਸਕੂਲ ਪ੍ਰੋਗਰਾਮ ਤਹਿਤ ਬਠਿੰਡਾ ਵਿਖੇ ਰੋਜ਼ ਗਾਰਡਨ ਤੇ ਜੋਗਰ ਪਾਰਕ ਆਦਿ ਸਥਾਨਾਂ ਦਾ ਟੂਰ ਲਗਾਇਆ। ਇਸ ਫੀਲਡ ਵਿਜ਼ਟ ਦਾ ਉਦੇਸ਼ ਬੱਚਿਆਂ ਨੂੰ ਵਾਤਾਵਰਨ ਨਾਲ ਜੋੜਨਾ ਤੇ ਵਾਤਾਵਰਨ ਪ੍ਰਤੀ ਜਾਗਰੂਕ ਕਰਨਾ ਸੀ। ਅਧਿਆਪਕਾਂ ਦੁਆਰਾ ਬੱਚਿਆਂ ਨੂੰ ਕੁਦਰਤ ਦੀਆਂ ਮਨੁੱਖ ਨੂੰ ਦਿੱਤੀਆਂ ਵੱਡਮੁੱਲੀਆਂ ਦਾਤਾਂ ਤੇ ਇਨ੍ਹਾਂ ਦੀ ਸਾਂਭ-ਸੰਭਾਲ ਬਾਰੇ ਭਰਪੂਰ ਜਾਣਕਾਰੀ ਦਿੱਤੀ ਗਈ। ਵਿਦਿਆਰਥੀਆਂ ਨੇ ਬੜੇ ਹੀ ਉਤਸੁਕਤਾ ਨਾਲ ਫਾਲਤੂ ਪਦਾਰਥਾਂ ਤੋਂ ਲਾਭਦਾਇਕ ਵਸਤੂਆਂ ਦਾ ਨਿਰਮਾਣ ਕਰਨ ਦੇ ਤਰੀਕੇ ਸਿੱਖੇ। ਰੰਗ-ਬਰੰਗੇ ਫੁੱਲ-ਬੂਟੇ ਤੇ ਉਥੋਂ ਦਾ ਤਰੋ-ਤਾਜ਼ਾ ਵਾਤਾਵਰਨ ਵਿਦਿਆਰਥੀਆਂ ਲਈ ਖਿੱਚ ਦਾ ਕੇਂਦਰ ਰਹੇ। ਇਸ ਵਿਜ਼ਟ ਨੂੰ ਸਫਲ ਬਣਾਉਣ ਵਿੱਚ ਪੀ. ਐੱਮ. ਸ਼੍ਰੀ ਦੇ ਨੋਡਲ ਚਮਕੌਰ ਸਿੰਘ (ਲੈਕਚਰਾਰ ਰਾਜਨੀਤੀ ਸ਼ਾਸਤਰ) ਤੇ ਵਿਪਨ ਕੁਮਾਰ (ਮੈਥ ਮਾਸਟਰ) ਨੇ ਭਰਪੂਰ ਸਹਿਯੋਗ ਦਿੱਤਾ।

ਮਨੁੱਖੀ ਜੀਵਨ 'ਚ ਖੇਡਾਂ ਦਾ ਮਹੱਤਵਪੂਰਨ ਸਥਾਨ : ਪ੍ਰਿੰਸੀਪਲ

ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)-ਪਿਛਲੇ ਦਿਨੀਂ ਡੀ ਏ ਵੀ ਵੈਸ਼ ਸੀਨੀਅਰ ਸੈਕੰਡਰੀ ਸਕੂਲ ਗਿੱਦੜਬਾਹਾ ਵਿਖੇ ਅਥਲੈਟਿਕ ਮੀਟ ਕਰਵਾਈ ਗਈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਸੁਨੀਤਾ ਰਾਣੀ ਨੇ ਦੱਸਿਆ ਕਿ ਇਸ ਪ੍ਰਤੀਯੋਗਤਾ ਵਿੱਚ 100 ਮੀਟਰ ਦੌੜ, 200 ਮੀਟਰ ਦੌੜ, ਲੰਮੀ ਛਾਲ ਤੇ ਰੱਸਾਕੱਸੀ ਆਦਿ ਖੇਡਾਂ ਕਰਵਾਈਆਂ ਗਈਆਂ।ਇਨ੍ਹਾਂ ਖੇਡਾਂ ਵਿੱਚ ਜਮਾਤ ਪੱਧਰ 'ਤੇ ਪਹਿਲਾ, ਦੂਸਰਾ ਤੇ ਤੀਸਰਾ ਸਥਾਨ ਪ੍ਰਾਪਤ ਕਰਨ ਵਾਲੇ ਖਿਡਾਰੀਆਂ ਨੂੰ ਸਕੂਲ ਦੇ ਪ੍ਰਿੰਸੀਪਲ ਸ਼੍ਰੀਮਤੀ ਸੁਨੀਤਾ ਰਾਣੀ ਵੱਲੋਂ ਮੈਡਲ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਪ੍ਰਿੰਸੀਪਲ ਸੁਨੀਤਾ ਰਾਣੀ ਨੇ

23 - February - Page - 6-25.qxd 2/22/2025 10:47 PM Page 1

ਰੇਲਵੇ ਮਹਾਂਕੁੰਭ ਨੂੰ ਸ਼ਾਨਦਾਰ ਬਣਾਉਣ 'ਚ ਮੋਹਰੀ ਭੂਮਿਕਾ ਨਿਭਾਉਂਦਾ

ਨਵੀਂ ਦਿੱਲੀ: ਪ੍ਰਯਾਗਰਾਜ ਦੇ ਸੰਗਮ ਕੰਢੇ ਆਯੋਜਿਤ ਕੀਤੇ ਜਾ ਰਹੇ ਮਹਾਂਕੁੰਭ ਦੇ ਵਿਸ਼ਾਲ ਸਮਾਗਮ ਵਿੱਚ ਰੇਲਵੇ ਦੀ ਭੂਮਿਕਾ ਬਿਨਾਂ ਸ਼ੱਕ ਮੋਹਰੀ ਹੈ। ਇਸ ਮੈਗਾ ਈਵੈਂਟ ਵਿੱਚ ਰੇਲਵੇ ਨੇ ਜਿਸ ਤਰੀਕੇ ਨਾਲ ਦੇਸ਼ ਭਰ ਦੇ ਸ਼ਰਧਾਲੂਆਂ ਨੂੰ ਪ੍ਰਯਾਗ ਦੀ ਪਵਿੱਤਰ ਧਰਤੀ ਤੱਕ ਪਹੁੰਚਣ ਵਿੱਚ ਮਦਦ ਕੀਤੀ, ਉਹ ਨਾ ਸਿਰਫ਼ ਬੇਮਿਸਾਲ ਹੈ, ਸਗੋਂ ਰੇਲ ਸੰਚਾਲਨ ਦੇ ਦ੍ਰਿਸ਼ਟੀਕੋਣ ਤੋਂ ਕਈ ਮਾਮਲਿਆਂ ਵਿੱਚ ਇੱਕ ਵਿਲੱਖਣ ਰਿਕਾਰਡ ਵੀ ਬਣਾਇਆ ਹੈ। ਇੱਕ ਅੰਦਾਜ਼ੇ ਅਨੁਸਾਰ ਡੇਢ ਮਹੀਨੇ ਤੱਕ ਚੱਲੇ ਇਸ ਸਮਾਗਮ ਵਿੱਚ ਲਗਭਗ 12 ਤੋਂ 15 ਕਰੋੜ ਸ਼ਰਧਾਲੂਆਂ ਨੇ ਰੇਲ ਯਾਤਰਾ ਦਾ ਲਾਭ ਉਠਾਇਆ। ਇਸ ਵਾਰ ਰੇਲਵੇ ਨੇ ਪ੍ਰਯਾਗਰਾਜ ਦੇ ਮਹਾਂਕੁੰਭ ??ਨੂੰ ਬ੍ਰਹਮ ਅਤੇ ਸ਼ਾਨਦਾਰ ਬਣਾਉਣ ਦੇ ਸੰਕਲਪ ਨੂੰ ਪੂਰਾ ਕਰਨ ਵਿੱਚ ਮੋਹਰੀ ਭੂਮਿਕਾ ਨਿਭਾਈ। ਰੇਲਵੇ ਨੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਆਉਣ ਵਾਲੇ ਸ਼ਰਧਾਲੂਆਂ ਦੀ ਅਨੁਮਾਨਤ ਗਿਣਤੀ ਅਨੁਸਾਰ ਰੇਲ ਗੱਡੀਆਂ ਚਲਾਉਣ ਦੀ ਯੋਜਨਾ ਬਣਾਈ ਗਈ ਸੀ। ਇਸ ਦੇ ਨਾਲ ਹੀ ਮਹਾਂਕੁੰਭ ??ਦੌਰਾਨ ਭੀੜ ਵਧਣ ਦੀ ਸੂਰਤ ਵਿੱਚ ਇੱਕ ਐਮਰਜੈਂਸੀ ਯੋਜਨਾ ਵੀ ਬਣਾਈ ਗਈ। ਆਮ ਦਿਨਾਂ ਵਿੱਚ ਰੇਲ ਗੱਡੀਆਂ ਵਿੱਚ ਭੀੜ ਨੂੰ ਦੇਖਦੇ ਹੋਏ ਰੇਲਵੇ ਨੇ ਇਸ ਲਈ ਵਿਸ਼ੇਸ਼ ਉਪਾਅ ਅਪਣਾਏ। ਇਸ ਤਹਿਤ ਕਿਸੇ ਖਾਸ ਰੂਟ, ਰੇਲ ਗੱਡੀ ਜਾਂ ਵੱਡੇ ਸਟੇਸ਼ਨ 'ਤੇ ਦਬਾਅ ਹਟਾਉਣ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਸਨ। ਸ਼ਰਧਾਲੂਆਂ ਦੀ ਗਿਣਤੀ ਅਤੇ ਮੰਗ ਦੇ ਅਨੁਸਾਰ ਇੱਕ ਤੋਂ ਬਾਅਦ ਇੱਕ ਵਿਸ਼ੇਸ਼ ਰੇਲ ਗੱਡੀਆਂ ਚਲਾਈਆਂ ਗਈਆਂ। ਮਹਾਂਕੁੰਭ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ 13,667 ਰੇਲ ਗੱਡੀਆਂ ਪ੍ਰਯਾਗਰਾਜ ਅਤੇ ਇਸ ਦੇ ਹੋਰ ਸਟੇਸ਼ਨਾਂ 'ਤੇ ਸ਼ਰਧਾਲੂਆਂ ਨੂੰ ਲੈ ਕੇ ਪਹੁੰਚੀਆਂ ਹਨ।

ਇਹਨਾਂ ਵਿੱਚੋਂ, 3,468 ਵਿਸ਼ੇਸ਼ ਰੇਲਗੱਡੀਆਂ ਕੁੰਭ ਖੇਤਰ ਤੋਂ ਸ਼ੁਰੂ ਹੋਈਆਂ ਅਤੇ 2,008 ਰੇਲ ਗੱਡੀਆਂ ਕੁੰਭ ਖੇਤਰ ਦੇ ਬਾਹਰੋਂ ਆਈਆਂ; ਬਾਕੀ 8,211 ਨਿਯਮਤ ਰੇਲ ਗੱਡੀਆਂ ਸਨ।

ਚੋਰਾਂ ਵੱਲੋਂ 50 ਹਜ਼ਾਰ ਨਗਦੀ ਤੇ ਸੋਨੇ ਦੇ ਗਹਿਣੇ ਚੋਰੀ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਵਿਧਾਨ ਸਭਾ ਹਲਕਾ ਕਾਦੀਆਂ ਅਤੇ ਪੁਲਸ ਥਾਣਾ ਕਾਹਨੂੰਵਾਨ ਅਧੀਨ ਪੈਂਦੇ ਪਿੰਡ ਸੱਲੋਪੁਰ ਵਿੱਚ ਚਿੱਟੇ ਦਿਨ ਚੋਰੀ ਦੀ ਇੱਕ ਵਾਰਦਾਤ ਨੂੰ ਅੰਜਾਮ ਦਿੰਦਿਆਂ ਇਸ ਇਲਾਕੇ ਦੇ ਅੰਦਰ ਸਰਗਰਮ ਚੋਰ ਗਰੋਹ ਦੇ ਵੱਲੋਂ ਇੱਕ ਘਰ ਵਿੱਚ ਦਾਖਲ ਹੋ ਕੇ ਘਰ ਵਿੱਚੋਂ 50 ਹਜ਼ਾਰ ਦੇ ਕਰੀਬ ਨਗਦੀ ਅਤੇ ਸੋਨੇ ਦੇ ਗਹਿਣੇ ਚੋਰੀ ਕਰ ਲਏ ਗਏ। ਪਿੰਡ ਸੱਲੋਪੁਰ ਵਾਸੀ ਸੂਬੇਦਾਰ ਪਿਆਰਾ ਸਿੰਘ ਨੇ ਦੱਸਿਆ ਕਿ ਉਹ ਅੱਜ ਦੁਪਹਿਰ ਵੇਲੇ ਆਪਣੀ ਪਤਨੀ ਕੁਲਵਿੰਦਰ ਕੌਰ ਦੇ ਨਾਲ ਆਪਣੇ ਘਰ ਤੋਂ ਥੋੜ੍ਹੀ ਦੂਰ ਰਹਿੰਦੇ ਆਪਣੇ ਦੋ ਪੁੱਤਰਾਂ ਬੂੜ ਸਿੰਘ ਅਤੇ ਨਰਿੰਦਰ ਸਿੰਘ ਦੇ ਪਰਵਾਰਾਂ ਨੂੰ ਮਿਲਣ ਲਈ ਉਹਨਾਂ ਦੇ ਘਰ ਗਏ ਸਨ। ਅਸੀਂ ਜਦੋਂ ਦੁਬਾਰਾ ਆਪਣੇ ਘਰ ਦੇ ਮੇਨ ਗੇਟ ਦਾ ਤਾਲਾ ਖੋਲ੍ਹ ਕੇ ਘਰ ਦਾਖਲ ਹੋਏ ਤਾਂ ਦੇਖਿਆ ਕਿ ਸਾਡੇ ਕਮਰਿਆਂ ਦੇ ਤਾਲੇ ਟੁੱਟੇ ਹੋਏ ਸਨ। ਅਸੀਂ ਜਦੋਂ ਅੰਦਰ ਜਾ ਕੇ ਦੇਖਿਆ ਤਾਂ ਇੱਕ ਕਮਰੇ ਵਿੱਚ ਪਈ ਗੋਦਰੇਜ ਦੇ ਤਾਲੇ ਵੀ ਟੁੱਟੇ ਹੋਏ ਸਨ ਅਤੇ ਅਲਮਾਰੀ 'ਚੋਂ 50 ਹਜ਼ਾਰ ਰੁਪਏ ਦੀ ਨਕਦੀ, ਢਾਈ ਤੋਲੇ ਦਾ ਸੋਨੇ ਦਾ ਗਜਰਾ, ਢਾਈ ਤੋਲੇ ਦੀ ਚੇਨੀ ਅਤੇ ਦੋ ਤੋਲੇ ਦੀਆਂ ਮੁੰਦਰੀਆਂ ਗਾਇਬ ਸਨ। ਸੂਬੇਦਾਰ ਪਿਆਰਾ ਸਿੰਘ ਅਨੁਸਾਰ ਚੋਰ ਗਰੋਹ ਵੱਲੋਂ ਚੋਰੀ ਦੀ ਇਸ ਵਾਰਦਾਤ ਨੂੰ ਅੰਜਾਮ ਘਰ ਦੀ ਚਾਰਦੀਵਾਰੀ ਨੂੰ ਟੱਪਣ ਤੋਂ ਬਾਅਦ ਕਮਰਿਆਂ ਦੇ ਤਾਲੇ ਤੋੜ ਕੇ ਦਿੱਤਾ ਗਿਆ। ਉਸ ਨੇ ਦੱਸਿਆ ਕਿ ਇਸ ਸਬੰਧੀ ਥਾਣਾ ਕਾਹਨੂੰਵਾਨ ਦੀ ਪੁਲਸ ਨੂੰ ਸੂਚਨਾ ਦੇ ਦਿੱਤੀ ਗਈ ਹੈ। ਕਾਹਨੂੰਵਾਨ ਪੁਲਸ ਵੱਲੋਂ ਮੌਕੇ 'ਤੇ ਪੁੱਜ ਕੇ ਜਾਂਚ ਕੀਤੀ ਗਈ ।

ਕਿਰਤੀ ਕਿਸਾਨ ਯੂਨੀਅਨ ਨੇ ਧਰਨੇ ਦੀਆਂ ਤਿਆਰੀਆਂ ਤੇ ਮੈਂਬਰਸ਼ਿਪ ਮੁਹਿੰਮ ਦਾ ਲਿਆ ਜਾਇਜ਼ਾ

ਜਲੰਧਰ: (ਕੇਸਰ)— ਕਿਰਤੀ ਕਿਸਾਨ ਯੂਨੀਅਨ ਸੰਯੁਕਤ ਕਿਸਾਨ ਮੋਰਚਾ ਵਲੋਂ ਪੰਜ ਮਾਰਚ ਤੋਂ ਚੰਡੀਗੜ੍ਹ ਵਿਖੇ ਲੱਗ ਰਹੇ ਲੰਮੀ ਮਿਆਦ ਦੇ ਧਰਨੇ ਵਿੱਚ ਵੱਧ ਚੜ ਕੇ ਸ਼ਮੂਲੀਅਤ ਕਰੇਗੀ। ਇਹ ਐਲਾਨ ਜੱਥੇਬੰਦੀ ਦੀ ਸੂਬਾ ਕਮੇਟੀ ਦੀ ਸੂਬਾ ਪ੍ਰਧਾਨ ਨਿਰਭੈ ਸਿੰਘ ਢੁੱਡੀਕੇ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਮਗਰੋਂ ਕੀਤਾ ਗਿਆ। ਜੱਥੇਬੰਦੀ ਦੀ ਮੀਟਿੰਗ ਵਿੱਚ ਚੰਡੀਗੜ੍ਹ ਵਿਖੇ ਲਗਾਏ ਜਾ ਰਹੇ ਲੰਮੀ ਮਿਆਦ ਦੇ ਧਰਨੇ ਦੀਆਂ ਚੱਲ ਤਿਆਰੀਆਂ ਅਤੇ ਬਲਾਕਾਂ ਵਿੱਚ ਪਿੰਡ ਪੱਧਰ ਤੇ ਚੱਲ ਰਹੀ ਮੈਂਬਰਸ਼ਿਪ ਮੁਹਿਮ ਦਾ ਜਾਇਜ਼ਾ ਲੈਕੇ ਸੂਬਾਈ ਆਗੂਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ। ਮੈਂਬਰਸ਼ਿੱਪ ਮੁਹਿੰਮ ਨੂੰ 28 ਫਰਵਰੀ ਤੱਕ ਮੁਕੰਮਲ ਕਰਨ ਦਾ ਫੈਸਲਾ ਵੀ ਕੀਤਾ ਗਿਆ।ਮੀਟਿੰਗ ਨੇ ਕੇਂਦਰ ਸਰਕਾਰ ਅਤੇ ਕਿਸਾਨ ਜੱਥੇਬੰਦੀਆਂ ਵਿਚਕਾਰ ਐਮ ਐਸ ਪੀ ਤੇ ਖ਼ਰੀਦ ਦੇ ਗਾਰੰਟੀ ਕਾਨੂੰਨ ਸਬੰਧੀ ਚੱਲ ਰਹੀ ਗੱਲਬਾਤ ਵਿਚ ਫਸਲਾਂ ਦੀ 25-30% ਅੰਸ਼ਕ ਸਰਕਾਰੀ ਖਰੀਦ ਦੀ ਕਨਸੋਅ ਨੂੰ ਮੁਢੋਂ ਸੁਢੋਂ ਰੱਦ ਕਰਦਿਆਂ ਕਿਹਾ ਕਿ ਜੱਥੇਬੰਦੀ ਸੰਯੁਕਤ ਕਿਸਾਨ ਮੋਰਚਾ ਦੀ ਸਾਰੀਆਂ ਫਸਲਾਂ ਦੀ ਸਮੁੱਚੀ ਪੈਦਾਵਾਰ ਦੀ ਖ਼ਰੀਦ ਦਾ ਗਾਰੰਟੀ ਕਾਨੂੰਨ ਬਣਾਉਣ ਦੀ ਪੁਜੀਸ਼ਨ ਨਾਲ ਡੱਟ ਕੇ ਖੜੀ ਹੈ। ਅੰਸ਼ਕ ਖ਼ਰੀਦ ਦੀ ਗਾਰੰਟੀ ਕਾਰਪੋਰੇਟ ਘਰਾਣਿਆਂ ਦਾ ਪੱਖ ਪੂਰਨ ਵਾਲੀ ਗੱਲ ਹੈ। ਮੀਟਿੰਗ ਵਿੱਚ ਕੌਮੀ ਖੇਤੀ ਮੰਡੀਕਰਨ ਨੀਤੀ ਖਰੜੇ ਨੂੰ ਖੇਤੀ ਖੇਤਰ ਉੱਪਰ ਕਾਰਪੋਰੇਟ ਕੰਟਰੋਲ ਸਥਾਪਤ ਕਰਨ ਦਾ ਕੇਂਦਰ ਸਰਕਾਰ ਦਾ ਇੱਕ ਹੋਰ ਯਤਨ ਕਰਾਰ ਦਿੰਦਿਆਂ ਇਸ ਨੂੰ ਰੱਦ ਕਰਵਾਉਣ ਲਈ ਜ਼ੋਰਦਾਰ ਸੰਘਰਸ਼ ਵਿੱਢਣ ਦਾ ਫੈਸਲਾ ਕੀਤਾ ਗਿਆ। ਜੱਥੇਬੰਦੀ ਦੇ ਜਨਰਲ ਸਕੱਤਰ ਰਜਿੰਦਰ ਸਿੰਘ ਦੀਪ ਸਿੰਘ ਵਾਲਾ ਅਤੇ ਪ੍ਰੈਸ ਸਕੱਤਰ ਰਾਮਿੰਦਰ ਸਿੰਘ ਪਟਿਆਲਾ ਨੇ ਕਿਹਾ ਕਿ ਚੰਡੀਗੜ੍ਹ ਧਰਨੇ ਵਿੱਚ ਇਸ ਖਰੜੇ ਨੂੰ ਰੱਦ ਕਰਵਾਉਣ ਦੇ ਨਾਲ ਨਾਲ ਪੰਜਾਬ ਸਰਕਾਰ ਤੋਂ ਬਾਸਮਤੀ, ਮੱਕੀ, ਮੂੰਗੀ, ਆਲੂ, ਮਟਰ ਅਤੇ ਗੋਭੀ ਆਦਿ ਦੀ ਐਮ ਐਸ ਪੀ ਤੇ ਖ਼ਰੀਦ ਦੀ ਗਾਰੰਟੀ ਕਰਨ ਦੀ ਮੰਗ ਵੀ ਕੀਤੀ ਜਾਵੇਗੀ। ਕਿਸਾਨ ਆਗੂਆਂ ਨੇ ਕਿਹਾ 19 ਦਸੰਬਰ 2023 ਨੂੰ ਸੰਯੁਕਤ ਕਿਸਾਨ ਮੋਰਚਾ ਨਾਲ ਮੁੱਖ ਮੰਤਰੀ ਪੰਜਾਬ ਵਲੋਂ ਕੀਤੀ ਮੀਟਿੰਗ ਵਿੱਚ ਸਿਧਾਂਤਕ ਤੌਰ 'ਤੇ ਪ੍ਰਵਾਨ ਕੀਤੀਆਂ ਮੰਗਾਂ ਜਿਨ੍ਹਾਂ ਵਿੱਚ ਸਹਿਕਾਰੀ ਅਦਾਰਿਆਂ ਵਿੱਚ ਯਕਮੁਸ਼ਤ ਕਰਜ਼ਾ ਨਿਪਟਾਰਾ ਸਕੀਮ ਚਾਲੂ ਕਰਨ ਅਤੇ ਸਹਿਕਾਰੀ ਸਭਾਵਾਂ ਵਿਚ ਨਵੇਂ ਖਾਤੇ ਖੋਲ੍ਹਣ ਦੀ ਪ੍ਰਵਾਨਗੀ ਦੇਣ ਆਦਿ ਸ਼ਾਮਲ ਸਨ , ਨੂੰ ਲਾਗੂ ਕਰਨ ਵਿਚ ਵੀ ਪੰਜਾਬ ਸਰਕਾਰ ਫੇਲ੍ਹ ਸਾਬਤ ਹੋਈ ਹੈ।ਚੰਡੀਗੜ੍ਹ ਧਰਨੇ ਵਿੱਚ ਆਬਾਦਕਾਰ ਕਿਸਾਨਾਂ ਨੂੰ ਮਾਲਕੀ ਹੱਕ ਦੇਣ,ਹਰ ਖੇਤ ਤੱਕ ਨਹਿਰੀ ਪਾਣੀ ਅਤੇ ਹਰ ਘਰ ਨੂੰ ਪੀਣ ਵਾਲਾ ਸਾਫ ਪਾਣੀ ਮੁਹੱਈਆ ਕਰਵਾਉਣ ਦੀ ਮੰਗ ਵੀ ਜ਼ੋਰਦਾਰ ਢੰਗ ਨਾਲ ਉਠਾਈ ਜਾਵੇਗੀ।

17 ਕਾਲਜਾਂ ਦੇ ਵਲੰਟੀਅਰਾਂ ਨੇ ਅਹਿਮ ਵਿਸ਼ਿਆਂ ਬਾਰੇ ਕੀਤਾ ਜਾਗਰੂਕ

ਅੰਬਾਲਾ (ਨ ਜ ਸ)-ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਖਾਲਸਾ ਕਾਲਜ ਪੰਜੋਖਰਾ ਸਾਹਿਬ ਦੇ ਰੈੱਡ ਕਰਾਸ ਵਲੰਟੀਅਰਾਂ ਨੇ ਐਮ. ਡੀ. ਐਸ. ਡੀ. ਕਾਲਜ ਵਿੱਚ ਲਗਾਏ ਗਏ ਪੰਜ ਰੋਜ਼ਾ ਜ਼ਿਲ੍ਹਾ ਪੱਧਰੀ ਯੂਥ ਰੈੱਡ ਕਰਾਸ ਕੈਂਪ ਵਿੱਚ ਭਾਗ ਲਿਆ।ਇਸ ਦੌਰਾਨ ਅੰਬਾਲਾ ਜ਼ਿਲ੍ਹੇ ਦੇ 17 ਕਾਲਜਾਂ ਦੇ ਵਲੰਟੀਅਰਾਂ ਨੇ ਖੂਨਦਾਨ, ਆਪਦਾ ਪ੍ਰਬੰਧਨ ਅਤੇ ਕਮਿਊਨਿਟੀ ਹੈਲਥ ਵਰਗੇ ਅਹਿਮ ਵਿਸ਼ਿਆਂ ਬਾਰੇ ਜਾਗਰੂਕ ਕੀਤਾ।ਯੂਥ ਰੈੱਡ ਕਰਾਸ ਦੇ ਕੌਂਸਲਰ ਪ੍ਰੋ. ਰਮਨਦੀਪ ਸਿੰਘ ਨੇ ਦੱਸਿਆ ਕਿ ਇਸ ਕੈਂਪ ਵਿੱਚ ਵਲੰਟੀਅਰਾਂ ਨੂੰ ਬਹੁਤ ਕੁਝ ਸਿੱਖਣ ਨੂੰ ਮਿਲਿਆ।ਇਸ ਦੌਰਾਨ ਵੱਖ-ਵੱਖ ਮੁਕਾਬਲੇ ਵੀ ਕਰਵਾਏ ਗਏ।ਇਨ੍ਹਾਂ ਮੁਕਾਬਲਿਆਂ ਵਿੱਚ ਕਾਲਜ ਦੀ ਬੀ.ਸੀ.ਏ ਤੀਜੇ ਸਾਲ ਦੀ ਵਿਦਿਆਰਥਣ ਕੁਲਜੀਤ ਕੌਰ ਨੇ ਸੋਲੋ ਡਾਂਸ ਵਿੱਚ ਦੂਸਰਾ ਅਤੇ ਰਿਤਿਕਾ ਨੇ ਪੇਂਟਿੰਗ ਵਿੱਚ ਤੀਸਰਾ ਸਥਾਨ ਪ੍ਰਾਪਤ ਕੀਤਾ।ਇਸ ਕੈਂਪ ਵਿੱਚ ਕਾਲਜ ਦੇ ਵਲੰਟੀਅਰਾਂ ਨੂੰ ਬੈਸਟ ਕੋਆਰਡੀਨੇਟਰ ਦਾ ਐਵਾਰਡ ਵੀ ਮਿਲਿਆ।ਇਸ ਮੌਕੇ ਕਾਲਜ ਪ੍ਰਿੰਸੀਪਲ ਡਾ.ਸੁਖਦੇਵ ਸਿੰਘ ਅਤੇ ਵਾਈਆਰਸੀ ਕੌਂਸਲਰ ਪ੍ਰੋ. ਰਮਨਦੀਪ ਸਿੰਘ ਨੇ ਸਾਰੇ ਵਲੰਟੀਅਰਾਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਉਜਵਲ ਭਵਿੱਖ ਦੀ ਕਾਮਨਾ ਕੀਤੀ।

2 ਕਿਲੋਗ੍ਰਾਮ ਹੋਰ ਹੈਰੋਇਨ ਬਰਾਮਦ; ਕੁੱਲ ਬਰਾਮਦੀ 15 ਕਿਲੋਗ੍ਰਾਮ

ਅੰਮ੍ਰਿਤਸਰ (ਨਰਿੰਦਰ ਜੀਤ ਸਿੰਘ)-ਪੰਜਾਬ ਪੁਲਸ ਵੱਲੋਂ 10 ਕਿਲੋਗ੍ਰਾਮ ਹੈਰੋਇਨ ਰਿਕਵਰੀ ਮਾਮਲੇ ਸਬੰਧੀ ਚੱਲ ਰਹੀ ਜਾਂਚ ਦੌਰਾਨ ਇੱਕ ਹੋਰ ਮਹੱਤਵਪੂਰਨ ਸਫਲਤਾ 'ਚ ਕਾਊਂਟਰ ਇੰਟੈਲੀਜੈਂਸ (ਸੀ.ਆਈ.) ਅੰਮ੍ਰਿਤਸਰ ਨੇ ਦੋਸ਼ੀ ਹਰਮਨਦੀਪ ਸਿੰਘ ਵੱਲੋਂ ਦਿੱਤੇ ਗਏ ਬਿਆਨ ਦੇ ਅਧਾਰ 'ਤੇ ਪਿੰਡ ਬੋਪਾਰਾਏ ਬਾਜ ਸਿੰਘ ਵਿੱਚ ਨਹਿਰ ਦੇ ਨੇੜੇ ਛੁਪਾਈ ਗਈ 2 ਕਿਲੋਗ੍ਰਾਮ ਹੋਰ ਹੈਰੋਇਨ ਬਰਾਮਦ ਕੀਤੀ, ਜਿਸ ਨਾਲ ਕੁੱਲ ਜ਼ਬਤ ਕੀਤੀ ਹੈਰੋਇਨ 15 ਕਿਲੋਗ੍ਰਾਮ ਹੋ ਗਈ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਸ (ਡੀ ਜੀ ਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।ਇਹ ਕਾਰਵਾਈ ਪੰਜਾਬ ਪੁਲਸ ਵੱਲੋਂ ਅੰਮ੍ਰਿਤਸਰ ਦੇ ਪਿੰਡ ਘੁੰਮਣਪੁਰਾ ਦੇ ਨਸ਼ਾ ਤਸਕਰ ਹਰਮਨਦੀਪ ਸਿੰਘ ਨੂੰ ਗ਼ਿਫ਼ਤਾਰ ਕਰਕੇ ਸਰਹੱਦ ਪਾਰੋਂ ਨਸ਼ਾ ਤਸਕਰੀ ਕਰਨ ਵਾਲੇ ਰੈਕੇਟ ਦਾ ਪਰਦਾਫਾਸ਼ ਕਰਨ ਅਤੇ ਉਸ ਦੇ ਕਬਜ਼ੇ ਵਿੱਚੋਂ 10 ਕਿਲੋ ਹੈਰੋਇਨ ਬਰਾਮਦ ਕਰਨ ਤੋਂ ਕੁਝ ਦਿਨਾਂ ਬਾਅਦ ਅਮਲ ਵਿੱਚ ਲਿਆਂਦੀ ਗਈ। ਮੁਲਜ਼ਮ ਹਰਮਨਦੀਪ ਦੇ ਖੁਲਾਸੇ 'ਤੇ ਇਹ ਦੂਜੀ ਵੱਡੀ ਬਰਾਮਦਗੀ ਹੈ। ਦੋ ਦਿਨ ਪਹਿਲਾਂ ਪੁਲਸ ਟੀਮਾਂ ਨੇ ਹਰਮਨਦੀਪ ਦੇ ਸਾਥੀ ਲਵਪ੍ਰੀਤ ਸਿੰਘ ਦੇ ਕਬਜ਼ੇ ਵਿੱਚੋਂ 3 ਕਿਲੋ ਹੈਰੋਇਨ ਬਰਾਮਦ ਕਰਨ ਤੋਂ ਬਾਅਦ ਉਸ ਨੂੰ ਵੀ ਗ਼ਿਫ਼ਤਾਰ ਕੀਤਾ ਸੀ।ਡੀ ਜੀ ਪੀ ਗੌਰਵ ਯਾਦਵ ਨੇ ਦੱਸਿਆ ਕਿ ਹਰਮਨਦੀਪ ਨੇ ਇੱਕ ਹੋਰ ਖੁਲਾਸਾ ਕੀਤਾ ਕਿ ਉਸ ਨੇ ਖੁਰਮਣੀਆਂ ਤੋਂ ਰਾਮ ਤੀਰਥ ਲਿੰਕ ਰੋਡ 'ਤੇ ਪਿੰਡ ਬੋਪਾਰਾਏ ਬਾਜ ਸਿੰਘ ਨੇੜੇ ਨਹਿਰ ਦੇ ਕੰਢੇ ਰੱਖੀ ਇੱਕ ਇੱਟ ਦੇ ਹੇਠਾਂ 2 ਕਿਲੋਗ੍ਰਾਮ ਹੋਰ ਹੈਰੋਇਨ ਛੁਪਾਈ ਸੀ। ਇਸ ਸੂਚਨਾ 'ਤੇ ਕਾਰਵਾਈ ਕਰਦਿਆਂ ਸੀ ਆਈ ਅੰਮ੍ਰਿਤਸਰ ਦੀਆਂ ਟੀਮਾਂ ਨੇ ਦੋਸ਼ੀ ਦੁਆਰਾ ਦੱਸੀ ਗਈ ਜਗ੍ਹਾ ਤੋਂ 2 ਕਿਲੋਗ੍ਰਾਮ ਹੈਰੋਇਨ ਦੀ ਖੇਪ ਬਰਾਮਦ ਕਰਨ ਵਿੱਚ ਸਫਲਤਾ ਪ੍ਰਾਪਤ ਕੀਤੀ।ਡੀ ਜੀ ਪੀ ਨੇ ਕਿਹਾ ਕਿ ਬਰਾਮਦ ਕੀਤੀ ਹੈਰੋਇਨ ਪਾਕਿਸਤਾਨ ਤੋਂ ਤਸਕਰ ਕੀਤੀ ਗਈ ਵੱਡੀ ਖੇਪ ਦਾ ਹਿੱਸਾ ਹੈ ਜਿਸ ਨੂੰ ਪਾਕ-ਅਧਾਰਤ ਸਮੱਗਲਰ ਚਾਚਾ ਬਾਵਾ ਦੀ ਸਹਾਇਤਾ ਨਾਲ ਤਸਕਰ ਕੀਤਾ ਗਿਆ ਸੀ। ਦੱਸਣਯੋਗ ਹੈ ਕਿ ਚਾਚਾ ਬਾਵਾ ਸਰਹੱਦ ਪਾਰੋਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਲਈ ਡਰੋਨ ਦੀ ਵਰਤੋਂ ਕਰਦਾ ਸੀ। ਉਨ੍ਹਾਂ ਅੱਗੇ ਕਿਹਾ ਕਿ ਨੈੱਟਵਰਕ ਵਿੱਚ ਸ਼ਾਮਲ ਹੋਰ ਸਾਥੀਆਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਫੜਨ ਲਈ ਅਗਲੇਰੀ ਜਾਂਚ ਜਾਰੀ ਹੈ।

ਅਮਰੀਕਾ ਵੱਲੋਂ 25% ਟੈਕਸ ਲਗਾਉਣ ਨਾਲ ਕੰਪਨੀਆਂ ਨੂੰ ਹੱਥਾਂ-ਪੈਰਾਂ ਦੀ ਪਈ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਅਮਰੀਕਾ ਵਿੱਚ ਗੈਰ ਕਾਨੂੰਨੀ ਢੰਗ ਨਾਲ ਰਹਿ ਰਹੇ ਇਮੀਗਰੈਂਟਸ ਨੂੰ ਦੇਸ਼ ਨਿਕਾਲਾ ਦੇਣ ਦੇ ਟਰੰਪ ਸਰਕਾਰ ਦੇ ਫੈਸਲੇ ਤੋਂ ਬਾਅਦ ਟਰੰਪ ਵੱਲੋਂ ਫਾਰਮਾਸਿਊਟੀਕਲ ਉਤਪਾਦਾਂ ਉੱਪਰ 25% ਟੈਰਫ ਲਗਾਉਣ ਦੀ ਘੋਸ਼ਣਾ ਦੀ ਖਬਰ ਭਾਰਤੀ ਫਾਰਮਾਸਿਊਟੀਕਲ ਕੰਪਨੀਆਂ ਲਈ ਚੰਗੀ ਨਹੀਂ । ਟਰੰਪ ਦੇ ਇਸ ਐਲਾਨ ਕਰਨ ਤੋਂ ਬਾਅਦ ਫਾਰਮਾਸਿਊਟੀਕਲ ਕੰਪਨੀਆਂ ਦੇ 8.75 ਬਿਲੀਅਨ ਡਾਲਰ ਦਾ ਬਿਜ਼ਨਸ ਦਾਅ 'ਤੇ ਲੱਗਣਾ ਸ਼ੁਰੂ ਹੋ ਗਿਆ ਹੈ। ਫਾਰਮਾਸਿਊਟੀਕਲ ਕੰਪਨੀਆਂ ਜਿਵੇਂ ਡਾਕਟਰ ਰੈਡੀ, ਸਨ ਫਾਰਮਾ ਅਤੇ ਸਿਪਲਾ ਆਦਿ ਨਾਮਵਾਰ ਕੰਪਨੀਆਂ ਦੇ ਸ਼ੇਅਰ ਵਿੱਚ 10 ਫੀਸਦੀ ਗਿਰਾਵਟ ਦਰਜ ਕੀਤੀ ਗਈ ਹੈ।

ਭਾਰਤੀ ਫਾਰਮਾਸਿਊਟੀਕਲ ਕੰਪਨੀਆਂ ਉੱਪਰ ਟਰੰਪ ਸਰਕਾਰ ਵੱਲੋਂ 25 % ਟਾਇਰ ਫਨ ਲਗਾਉਣ ਦਾ ਫੈਸਲਾ ਭਾਰਤੀ ਫਾਰਮਾਸਟੀਕਲ ਕੰਪਨੀਆਂ ਲਈ ਨੁਕਸਾਨਦਾਇਕ ਸਾਬਤ ਹੋਏਗਾ ਕਿਉਂਕਿ ਅਮਰੀਕਾ ਵਿਸ਼ਵ ਦਾ ਸਭ ਤੋਂ ਵੱਡਾ ਦਵਾਈਆਂ ਦੇ ਕਾਰੋਬਾਰ ਦਾ ਇੰਪੋਰਟਰ ਹੈ। ਫਾਈਨੈਂਸ਼ੀਅਲ ਐਕਸਪ੍ਰੈਸ ਦੀ ਰਿਪੋਰਟ ਦੇ ਆਧਾਰ 'ਤੇ ਮਿਲੀ ਜਾਣਕਾਰੀ ਅਨੁਸਾਰ ਲੰਘੇ ਸਾਲ 2024 ਵਿੱਚ ਭਾਰਤ ਨੇ ਅਮਰੀਕਾ ਨੂੰ 8.75 ਬਿਲੀਅਨ ਡਾਲਰ ਦੀ ਕੀਮਤ ਦੀਆਂ ਦਵਾਈਆਂ ਨਿਰਯਾਤ ਕੀਤੀਆਂ ਸਨ। ਜੇਕਰ ਟਰੰਪ ਸਰਕਾਰ ਵੱਲੋਂ ਫਾਰਮਾਸਿਊਟੀਕਲ ਕੰਪਨੀਆਂ ਉੱਪਰ ਪੰਜੀ ਫੀਸਦੀ ਟੈਰਫ ਲਗਾਇਆ ਗਿਆ ਤਾਂ ਇਸ ਦਾ ਖਮਿਆਜ਼ਾ ਫਾਰਮਾਸਿਊਟੀਕਲ ਕੰਪਨੀਆਂ ਨੂੰ ਭ

23 Feb Page-7.qxd 2/22/2025 10:40 PM Page 1

ਨਿਊ ਏਰਾ ਇੰਟਰਨੈਸ਼ਨਲ ਸਕੂਲ 'ਚ ਚੋਰੀ

ਕਪੂਰਥਲਾ (ਮਨਜੀਤ ਮਾਨ) ਕਪੂਰਥਲਾ ਤੋਂ ਸਿੱਧਵਾਂ ਦੋਨਾ ਰੋਡ 'ਤੇ ਪੈਂਦੇ ਪਿੰਡ ਰਜਾਪੁਰ ਮੋੜ 'ਤੇ ਖੁੱਲੇ ਨਿਊ ਏਰਾ ਇੰਟਰਨੈਸ਼ਨਲ ਸਕੂਲ ਵਿੱਚ ਚੋਰਾਂ ਵੱਲੋਂ ਸਕੂਲ ਦੇ ਗਾਰਡ ਨੂੰ ਬੰਨ੍ਹ ਕੇ ਚੋਰੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਨਿਊ ਏਰਾ ਇੰਟਰਨੈਸ਼ਨਲ ਸਕੂਲ ਦੇ ਡਾਇਰੈਕਟਰ ਪ੍ਰਦੀਪ ਕੁਮਾਰ ਸ਼ਰਮਾ ਨੇ ਦੱਸਿਆ ਕਿ ਬੀਤੀ 18-19 ਫਰਵਰੀ ਦੀ ਦਰਮਿਆਨੀ ਰਾਤ ਨੂੰ ਕਰੀਬ 4-5 ਅਣਪਛਾਤੇ ਚੋਰ ਸਕੂਲ ਦੀ ਕੰਧ ਟੱਪ ਕੇ ਸਕੂਲ ਅੰਦਰ ਦਾਖਲ ਹੋਏ ਅਤੇ ਸਭ ਤੋਂ ਪਹਿਲਾਂ ਸਕੂਲ ਦੇ ਚੌਕੀਦਾਰ ਨਾਲ ਕੁੱਟਮਾਰ ਕੀਤੀ ਅਤੇ ਫਿਰ ਉਸ ਨੂੰ ਕੁਰਸੀ ਨਾਲ ਬੰਨ ਦਿੱਤਾ ਅਤੇ ਮੇਨ ਗੇਟ ਦਾ ਜਿੰਦਰਾ ਤੋੜ ਕੇ ਸਕੂਲ ਅੰਦਰ ਦਾਖਲ ਹੋ ਗਏ ਅਤੇ ਚੋਰਾਂ ਨੇ ਪ੍ਰਿੰਸੀਪਲ ਰੂਮ, ਡਾਇਰੈਕਟਰ ਰੂਮ, ਕੈਸ਼ੀਅਰ ਰੂਮ, ਆਰਟ ਰੂਮ, ਰਸੋਈ, ਸਪੋਰਟਸ ਰੂਮ ਅਤੇ ਕੋਆਰਡੀਨੇਟਰ ਰੂਮਾਂ ਦੇ ਜਿੰਦਰੇ ਤੋੜੇ ਅਤੇ ਸਾਰੇ ਕਮਰਿਆਂ ਵਿੱਚ ਪਈਆਂ ਅਲਮਾਰੀਆਂ ਦੇ ਤਾਲੇ ਤੋੜ ਕੇ ਕਾਗਜਾਂ ਦੀ ਫਰੋਲਾ ਫਰਾਲੀ ਕੀਤੀ ਅਤੇ ਕੈਸ਼ੀਅਰ ਦੇ ਕਮਰੇ ਵਿੱਚੋਂ 11 ਹਜ਼ਾਰ ਰੁਪਏ ਦੀ ਨਗਦੀ ਵੀ ਚੋਰੀ ਕਰਕੇ ਲੈ ਗਏ। ਚੋਰਾਂ ਵੱਲੋਂ ਜਾਂਦੇ ਸਮੇਂ ਚੌਕੀਦਾਰ ਦਾ ਮੋਬਾਇਲ ਫੋਨ ਅਤੇ ਉਸ ਦੇ 1100 ਰੁਪਏ ਵੀ ਖੋਹ ਲਏ।ਉਨ੍ਹਾਂ ਕਿਹਾ ਕਿ ਚੋਰੀ ਕਰਨ ਆਏ ਸਾਰੇ ਚੋਰ ਸਕੂਲ ਵਿੱਚ ਲੱਗੇ ਸੀ ਸੀ ਟੀ ਵੀ ਕੈਮਰਿਆ ਵਿੱਚ ਕੈਦ ਹੋ ਗਏ ਪਰ ਉਨ੍ਹਾਂ ਦੇ ਮੂੰਹ ਢਕੇ ਹੋਏ ਹਨ। ਉਨ੍ਹਾਂ ਵੱਲੋਂ ਇਸ ਸਬੰਧੀ ਥਾਣਾ ਸਦਰ ਵਿੱਚ ਸੂਚਨਾ ਦਿੱਤੀ ਗਈ ਤਾਂ ਪੁਲਿਸ ਨੇ ਕਿਹਾ ਕਿ ਤੁਸੀਂ ਜਾ ਕੇ ਦੇਖੋ ਕੀ ਤੁਹਾਡਾ ਕਿੰਨਾ ਨੁਕਸਾਨ ਹੋਇਆ ਹੈ ਅਤੇ ਕਾਫੀ ਦੇਰ ਬਾਅਦ ਥਾਣਾ ਸਦਰ ਦੇ ਕਰਮਚਾਰੀ ਮੌਕਾ ਦੇਖਣ ਪਹੁੰਚੇ ਅਤੇ ਚੌਕੀਦਾਰ ਪਾਸੋਂ ਸਾਰੇ ਮਾਮਲੇ ਦੀ ਪੁੱਛਗਿੱਛ ਕੀਤੀ ਅਤੇ ਫਿਗਰ ਪ੍ਰਿੰਟ ਵੀ ਲਏ।ਡਾਇਰੈਕਟਰ ਪ੍ਰਦੀਪ ਕੁਮਾਰ ਨੇ ਦਸਿਆ ਕਿ ਇਹ ਇਲਾਕਾ ਸੁੰਨਸਾਨ ਹੋਣ ਦੇ ਕਾਰਨ ਰਾਤ ਦੇ ਸਮੇਂ ਚੋਰਾਂ ਵੱਲੋਂ ਹੋਰ ਵੀ ਕਈ ਲੋਕਾਂ ਨੂੰ ਆਪਣਾ ਨਿਸ਼ਾਨਾ ਬਣਾਇਆ ਜਾਂਦਾ ਰਿਹਾ ਹੈ ਅਤੇ ਇਸ ਤੋਂ ਪਹਿਲਾਂ ਵੀ ਉਨ੍ਹਾਂ ਦੇ ਸਕੂਲ ਵਿੱਚ ਚੋਰੀ ਦੀ ਵਾਰਦਾਤ ਨੂੰ ਅੰਜਾਮ ਦੇਣ ਦੀ ਕੋਸ਼ਿਸ਼ ਕੀਤੀ ਗਈ ਸੀ। ਉਨ੍ਹਾਂ ਨੇ ਐਸਐਸਪੀ ਕਪੂਰਥਲਾ ਗੌਰਵ ਤੂਰਾ ਕੋਲੋਂ ਮੰਗ ਕੀਤੀ ਕਿ ਇਸ ਇਲਾਕੇ ਵਿੱਚ ਪੁਲਿਸ ਦੀ ਗਸ਼ਤ ਨੂੰ ਵਧਾਇਆ ਜਾਵੇ ਤਾਂ ਜੋ ਲੋਕ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰ ਸਕਣ।

ਪੀ ਐੱਨ ਬੀ ਸਿੱਧਵਾਂ ਦੋਨਾ 'ਚ ਮੁਲਾਜ਼ਮਾਂ ਦੀ ਘਾਟ ਕਾਰਨ ਲੋਕ ਪ੍ਰੇਸ਼ਾਨ

ਕਾਲਾ ਸੰਘਿਆਂ (ਮਨਜੀਤ ਮਾਨ) ਪੰਜਾਬ ਨੈਸ਼ਨਲ ਬੈਂਕ ਦੀ ਬ੍ਰਾਂਚ ਸਿੱਧਵਾਂ ਦੋਨਾ ਜ਼ਿਲ੍ਹਾ ਕਪੂਰਥਲਾ ਵਿਖੇ ਮੁਲਾਜਮਾਂ ਦੀ ਘਾਟ ਕਾਰਨ ਬੈਂਕ ਨਾਲ ਸਬੰਧਿਤ ਖਾਤਾ ਧਾਰਕਾਂ ਨੂੰ ਵੱਡੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ।ਪਿੰਡ ਦੇ ਸਰਪੰਚ ਸੁਖਵਿੰਦਰ ਸਿੰਘ ਨੇਕੀ, ਮਾਸਟਰ ਵਿਜੇ ਕੁਮਾਰ, ਸੁਖਪਾਲ ਸਿੰਘ, ਰੱਖਬੀਰ ਸਿੰਘ, ਜਸਵਿੰਦਰ ਸਿੰਘ ਸਾਰੇ ਮੈਂਬਰ ਪੰਚਾਇਤ, ਪੰਡਿਤ ਲਾਭ ਚੰਦ ਬਿਗਲੀ ਨੰਬਰਦਾਰ, ਨਿਰਮਲ ਸਿੰਘ ਢਿੱਲੋਂ ਨੰਬਰਦਾਰ ਕਾਹਲਵਾਂ, ਬਲਵਿੰਦਰ ਸਿੰਘ ਬਲੱਗਣ ਸਰਪੰਚ ਕਾਹਲਵਾਂ, ਜਸਵਿੰਦਰ ਸਿੰਘ ਚਾਹਲ ਸਰਪੰਚ ਭਾਣੋਲੰਘਾਂ, ਦਲਜੀਤ ਸਿੰਘ ਬਡਿਆਲ ਸਰਪੰਚ ਬੰਡਿਆਲਾਂ, ਬਲਦੇਵ ਸਿੰਘ ਦੇਬੀ ਸਾਬਕਾ ਸਰਪੰਚ ਖੁਸਰੋਪੁਰ ਅਤੇ ਇਲਾਕੇ ਦੇ ਹੋਰ ਮੋਹਤਬਰ ਵਿਅਕਤੀਆਂ ਨੇ ਦੱਸਿਆ ਕਿ ਪਿੰਡ ਸਿੱਧਵਾਂ ਦੋਨਾ ਵਿੱਚ ਪੈਂਦੀ ਪੰਜਾਬ ਨੈਸ਼ਨਲ ਦੀ ਇਸ ਬ੍ਰਾਂਚ ਵਿੱਚ 10 ਪੋਸਟਾਂ ਹਨ, ਜਿਨ੍ਹਾਂ ਵਿੱਚ ਇੱਕ ਸੀਨੀਅਰ ਮੈਨੇਜਰ, ਇੱਕ ਲੋਨ ਅਫਸਰ, ਇੱਕ ਹੋਲ ਇੰਚਾਰਜ, ਇੱਕ ਐਗਰੀਕਲਚਰ ਅਫਸਰ, 2 ਕੈਸ਼ੀਅਰ, 2 ਕਲਰਕ ਅਤੇ ਇੱਕ ਪੀਅਨ ਦੀ ਪੋਸਟ ਹੈ। ਪਰ ਇਸ ਸਮੇਂ ਸਿਰਫ ਚਾਰ ਮੁਲਾਜ਼ਮ ਹੀ ਬੈਂਕ ਦਾ ਸਾਰਾ ਕੰਮ ਦੇਖ ਰਹੇ ਹਨ, ਜਦਕਿ 6 ਪੋਸਟਾਂ ਖਾਲੀ ਪਈਆਂ ਹਨ।ਉਨ੍ਹਾਂ ਦੱਸਿਆ ਕਿ ਕਰੀਬ 10 ਪਿੰਡਾਂ ਤੋਂ ਵੱਧ ਪਿੰਡਾਂ ਦੇ ਲੋਕਾਂ ਦੇ ਖਾਤੇ ਵਿੱਚ ਬੈਂਕ ਵਿੱਚ ਖੁੱਲ੍ਹੇ ਹਨ ਅਤੇ ਵੱਡੀ ਗਿਣਤੀ 'ਚ ਲੋਕ ਹਰ ਰੋਜ਼ ਹੀ ਇਸ ਬੈਂਕ ਵਿੱਚ ਆ ਕੇ ਪੈਸਿਆ ਦਾ ਲੈਣ ਦੇਣ ਕਰਦੇ

ਹਨ।ਬੈਂਕ ਵਿੱਚ ਸਟਾਫ ਦੀ ਘਾਟ ਦੇ ਕਾਰਨ ਬੈਂਕ ਵਿੱਚ ਆਪਣਾ ਕੰਮ ਕਰਵਾਉਣ ਆਏ ਲੋਕਾਂ ਨੂੰ ਸਾਰਾ ਦਿਨ ਖੱਜਲ ਖੁਆਰ ਹੋਣਾ ਪੈਂਦਾ ਹੈ ਅਤੇ ਕਈ ਵਾਰ ਬਿਨ੍ਹਾਂ ਕੰਮ ਕਰਵਾਏ ਹੀ ਬੈਂਕ ਤੋਂ ਵਾਪਸ ਜਾਣਾ ਪੈਂਦਾ ਹੈ। ਪਿੰਡਾਂ ਦੇ ਸਰਪੰਚਾਂ ਨੇ ਕਿਹਾ ਕਿ ਇਸ ਤੋਂ ਇਲਾਵਾ ਬਹੁਤ ਸਾਰੇ ਪਿੰਡਾਂ ਦੇ ਬਜੁਰਗਾਂ, ਵਿਧਵਾਵਾਂ ਅਤੇ ਕਰਮਚਾਰੀਆਂ ਦੀਆਂ ਪੈਨਸ਼ਨਾਂ ਇਸ ਬੈਂਕ ਵਿੱਚ ਆਉਂਦੀਆਂ ਹਨ ਅਤੇ ਮੁਲਾਜ਼ਮਾਂ ਦੀ ਘਾਟ ਕਾਰਨ ਇਨ੍ਹਾਂ ਲੋਕਾਂ ਨੂੰ ਕਈ ਕਈ ਘੰਟੇ ਲੰਬੀਆਂ ਲਾਈਨਾਂ ਵਿੱਚ ਲੱਗਣਾ ਪੈਂਦਾ ਹੈ ਤੇ ਕਈ ਵਾਰ ਭੀੜ ਜ਼ਿਆਦਾ ਹੋਣ ਕਾਰਨ ਬਿਨ੍ਹਾਂ ਪੈਨਸ਼ਨ ਲਏ ਜਾਂ ਫਿਰ ਬਿਨ੍ਹਾਂ ਕੰਮ ਕਰਵਾਏ ਲੋਕਾਂ ਨੂੰ ਵਾਪਸ ਮੁੜਨਾ ਪੈਂਦਾ ਹੈ। ਇਹ ਇਲਾਕਾ ਐੱਨ ਆਰ ਆਈ ਲੋਕਾਂ ਦਾ ਹੋਣ ਕਰਕੇ ਬਹੁਤ ਸਾਰੇ ਐਨ ਆਰ ਆਈਜ਼ ਦੇ ਖਾਤੇ ਇਸ ਬੈਂਕ ਵਿੱਚ ਹਨ। ਐਨ ਆਰ ਆਈ ਵੀਰ ਜੋ ਥੋੜ੍ਹੇ ਸਮੇਂ ਲਈ ਹੀ ਇੰਡੀਆ ਆਉਂਦੇ ਹਨ ਅਤੇ ਉਨ੍ਹਾਂ ਨੂੰ ਕਈ ਵਾਰ ਕੰਮ ਨਾ ਹੋਣ ਕਾਰਨ ਖੱਜਲ ਖੁਆਰ ਹੋਏ ਹੀ ਵਾਪਸ ਮੁੜਨਾ ਪੈਂਦਾ ਹੈ ਅਤੇ ਲੈਣ ਦੇਣ ਕਰਨ ਵਿੱਚ ਵੱਡੀ ਸਮੱਸਿਆ ਪੈਦਾ ਹੁੰਦੀ ਹੈ। ਉਕਤ ਪਿੰਡਾਂ ਦੇ ਸਰਪੰਚਾਂ ਅਤੇ ਹੋਰ ਲੋਕਾਂ ਨੇ ਪੰਜਾਬ ਨੈਸ਼ਨਲ ਬੈਂਕ ਦੇ ਅਧਿਕਾਰੀਆਂ ਤੋਂ ਮੰਗ ਕੀਤੀ ਹੈ ਕਿ ਇਸ ਬੈਂਕ ਵਿੱਚ ਮੁਲਾਜ਼ਮਾਂ ਦੀ ਘਾਟ ਨੂੰ ਪੂਰਾ ਕੀਤਾ ਜਾਵੇ ਤਾਂ ਜੋ ਬੈਂਕ ਵਿੱਚ ਆਪਣਾ ਕੰਮ ਕਰਵਾਉਣ ਆਏ ਲੋਕਾਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਜੇਕਰ ਬੈਂਕ ਵਿੱਚ ਮੁਲਾਜ਼ਮਾਂ ਦੀ ਘਾਟ ਨੂੰ ਪੂਰਾ ਨਾ ਕੀਤਾ ਗਿਆ ਤਾਂ ਖਾਤਾਧਾਰਕ ਆਪਣੇ ਖਾਤੇ ਹੋਰ ਬੈਂਕਾਂ ਵਿੱਚ ਖੁਲ੍ਹਵਾਉਣ ਲਈ ਮਜ਼ਬੂਰ ਹੋਣਗੇ ।

ਅਮਰੀਕਾ ਤੋਂ ਡਿਪੋਰਟ ਹੋਏ ਵਿਅਕਤੀਆਂ ਨਾਲ ਹਮਦਰਦੀ ਦਾ ਪ੍ਰਗਟਾਵਾ

ਕਪੂਰਥਲਾ (ਮਨਜੀਤ ਮਾਨ)- ਪਿੱਛਲੇ ਦਿਨੀ ਪੰਜਾਬ ਦੇ ਅਨੇਕਾਂ ਨੌਜਵਾਨ, ਜੋ ਚੰਗੇ ਭਵਿੱਖ ਦੀ ਆਸ ਲੈ ਕੇ ਆਪਣੀ ਰੋਟੀ ਰੋਜ਼ੀ ਦੀ ਖਾਤਿਰ ਅਮਰੀਕਾ ਗਏ ਸਨ, ਨੂੰ ਅਮਰੀਕਾ ਦੀ ਸਰਕਾਰ ਵਲੋਂ ਡਿਪੋਰਟ ਕਰਨ ਤੋਂ ਬਾਅਦ ਉਕਤ ਨੌਜਵਾਨਾਂ ਅਤੇ ਉਹਨਾ ਦੇ ਪਰਿਵਾਰਾਂ ਲਈ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਅੱਜ ਇੱਥੇ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਗੁਰਦੀਪ ਸੰਧੂ ਨਾਇਬ ਤਹਿਸੀਲਦਾਰ ਨਕੋਦਰ ਨੇ ਪੱਤਰਕਾਰਾਂ ਨਾਲ ਕੀਤਾ। ਉਹਨਾਂ ਕਿਹਾ ਕਿ ਵਿਦੇਸ਼ੀਆਂ ਨੂੰ ਅਮਰੀਕਾ ਦੀ ਸਰਕਾਰ ਲਗਾਤਾਰ ਡਿਪੋਰਟ ਕਰ ਰਹੀ ਹੈ, ਜੋ ਵੱਡੀ ਚਿੰਤਾ ਦਾ ਵਿਸ਼ਾ ਹੈ, ਪਰ ਜਿਹੜੇ ਨੌਜਵਾਨ ਡਿਪੋਰਟ ਹੋ ਕੇ ਵਾਪਸ ਪੰਜਾਬ ਆ ਰਹੇ ਹਨ, ਉਨ੍ਹਾਂ ਅਤੇ ਉਹਨਾਂ ਦੇ ਪਰਿਵਾਰਾਂ ਨਾਲ ਬਹੁਤ ਹਮਦਰਦੀ ਹੈ ।

ਸਕੂਲਾਂ, ਆਂਗਣਵਾੜੀ ਕੇਂਦਰਾਂ ਤੇ ਰਾਸ਼ਨ ਡਿਪੂਆਂ ਦਾ ਨਿਰੀਖਣ

ਜਲੰਧਰ, (ਸ਼ੈਲੀ ਐਲਬਰਟ) ਪੰਜਾਬ ਸਟੇਟ ਫੂਡ ਕਮਿਸ਼ਨ ਦੇ ਮੈਂਬਰ ਚੇਤਨ ਪ੍ਰਕਾਸ਼ ਧਾਲੀਵਾਲ ਵੱਲੋਂ ਜ਼ਿਲ੍ਹਾ ਜਲੰਧਰ ਦੇ ਦੋ ਦਿਨਾਂ ਅਚਨਚੇਤ ਦੌਰੇ ਦੌਰਾਨ ਜ਼ਿਲ੍ਹੇ ਵਿੱਚ ਨੈਸ਼ਨਲ ਫੂਡ ਸਕਿਓਰਟੀ ਐਕਟ-2013 ਅਧੀਨ ਚੱਲ ਰਹੀਆਂ ਵੱਖ-ਵੱਖ ਸਕੀਮਾਂ ਦਾ ਨਿਰੀਖਣ ਕੀਤਾ ਗਿਆ।ਇਸ ਦੌਰੇ ਦੌਰਾਨ ਸਰਕਾਰੀ ਪ੍ਰਾਇਮਰੀ ਅਤੇ ਮਿਡਲ ਸਕੂਲ ਨਵਾਂ ਪਿੰਡ ਅਰਾਈਆ, ਸਰਕਾਰੀ ਪ੍ਰਾਇਮਰੀ ਅਤੇ ਹਾਈ ਸਕੂਲ, ਸਿੱਧਵਾਂ, ਸਰਕਾਰੀ ਐਲੀਮੈਂਟਰੀ ਸਕੂਲ, ਕਾਕੀ ਪਿੰਡ ਬਲਾਕ ਪੂਰਬੀ, ਸਰਕਾਰੀ ਪ੍ਰਾਇਮਰੀ ਸਕੂਲ, ਦਕੋਹਾ ਅਤੇ ਸ਼ਹੀਦ ਦਲਜੀਤ ਸਿੰਘ ਸਰਕਾਰੀ ਸਕੂਲ, ਦਕੋਹਾ ਤੋਂ ਇਲਾਵਾ ਆਂਗਣਵਾੜੀ ਸੈਂਟਰ ਦਕੋਹਾ, ਕਾਕੀ ਪਿੰਡ, ਸਿੱਧਵਾਂ, ਨਵਾਂ ਪਿੰਡ ਅਰਾਈਆ ਅਤੇ ਮੁਹੱਲਾ ਗੁਰੂ ਨਾਨਕ ਪੁਰਾ ਨਕੋਦਰ, ਰੇਲਵੇ ਰੋਡ ਨਕੋਦਰ ਅਤੇ ਪਿੰਡ ਡਰੋਲੀ ਵਿਖੇ ਰਾਸ਼ਨ ਡਿਪੂਆਂ ਦਾ ਨਿਰੀਖਣ ਕੀਤਾ ਗਿਆ।ਸ਼੍ਰੀ ਧਾਲੀਵਾਲ ਨੇ ਉਕਤ ਸਰਕਾਰੀ ਸਕੂਲਾਂ ਵਿੱਚ ਮਿਡ-ਡੇ ਮੀਲ ਸਕੀਮ ਤਹਿਤ ਵਿਦਿਆਰਥੀਆਂ ਨੂੰ ਦਿੱਤੇ ਰਹੇ ਖਾਣੇ ਦਾ ਜਾਇਜ਼ਾ ਲੈਣ ਦੇ ਨਾਲ-ਨਾਲ ਅਨਾਜ ਭੰਡਾਰ ਘਰਾਂ ਦਾ ਵੀ ਨਿਰੀਖਣ ਕੀਤਾ।ਉਨ੍ਹਾਂ ਅਧਿਕਾਰੀਆਂ ਨੂੰ ਮਿਡ-ਡੇ ਮੀਲ ਦੀ ਗੁਣਵੱਤਾ ਯਕੀਨੀ ਬਣਾਉਣ, ਰਾਸ਼ਨ ਨੂੰ ਸੁਰੱਖਿਅਤ ਢੰਗ ਨਾਲ ਰੱਖਣ ਅਤੇ ਰਸੋਈਆਂ, ਜਿਥੇ ਮਿਡ-ਡੇ ਮੀਲ ਤਿਆਰ ਕੀਤਾ ਜਾਂਦਾ ਹੈ, ਨੂੰ ਸਾਫ਼-ਸੁਥਰਾ ਰੱਖਣ ਦੀਆਂ ਹਦਾਇਤਾਂ ਦਿੱਤੀਆਂ। ਇਸ ਉਪਰੰਤ ਉਨ੍ਹਾਂ ਵੱਲੋਂ ਆਂਗਣਵਾੜੀ ਕੇਂਦਰਾਂ ਦੀ ਚੈਕਿੰਗ ਕਰਕੇ ਲਾਭਪਾਤਰੀਆਂ ਅਤੇ ਉਨ੍ਹਾਂ ਨੂੰ ਦਿੱਤੇ ਜਾ ਰਹੇ ਲਾਭ ਬਾਰੇ ਜਾਣਕਾਰੀ ਪ੍ਰਾਪਤ ਕੀਤੀ।ਚੈਕਿੰਗ ਦੌਰਾਨ ਪਾਇਆ ਗਿਆ ਕਿ ਆਂਗਣਵਾੜੀ ਕੇਂਦਰਾਂ ਵਿੱਚ ਲਾਭਪਾਤਰੀਆਂ ਨੂੰ ਦਿੱਤੇ ਜਾਣ ਵਾਲੇ ਸਾਮਾਨ ਦੀ ਵੰਡ ਲਾਭਪਾਤਰੀਆਂ ਨੂੰ ਕੀਤੀ ਜਾ ਚੁੱਕੀ ਸੀ।ਨਿਰੀਖਣ ਦੌਰਾਨ ਆਂਗਣਵਾੜੀ ਕੇਂਦਰਾਂ ਦਾ ਰਿਕਾਰਡ ਵੀ ਚੈੱਕ ਕੀਤਾ ਗਿਆ।ਇਸ ਤੋਂ ਬਾਅਦ ਮੈਂਬਰ ਪੰਜਾਬ ਸਟੇਟ ਫੂਡ ਕਮਿਸ਼ਨ ਨੇ ਰਾਸ਼ਨ ਡਿਪੂਆਂ ਵਿਖੇ ਕਣਕ ਦੀ ਵੰਡ ਦਾ ਨਿਰੀਖਣ ਕੀਤਾ ਅਤੇ ਡਿਪੂਆਂ ਰਾਹੀਂ ਕਣਕ ਦੀ ਵੰਡ 'ਤੇ ਤਸੱਲੀ ਪ੍ਰਗਟ ਕੀਤੀ।ਇਸ ਦੌਰਾਨ ਉਨ੍ਹਾਂ ਲਾਭਪਾਤਰੀਆਂ ਨੂੰ ਪੰਜਾਬ ਸਟੇਟ ਫੂਡ ਕਮਿਸ਼ਨ ਦੀ ਹੈਲਪਲਾਈਨ ਬਾਰੇ ਜਾਣਕਾਰੀ ਵੀ ਦਿੱਤੀ। ਉਨ੍ਹਾਂ ਦੱਸਿਆ ਨੈਸ਼ਨਲ ਫੂਡ ਸਕਿਓਰਟੀ ਐਕਟ 2013 ਅਧੀਨ ਚੱਲ ਰਹੀਆਂ ਸਕੀਮਾਂ ਸਬੰਧੀ ਕਿਸੇ ਕਿਸਮ ਦੀ ਸ਼ਿਕਾਇਤ ਲਈ ਈਮੇਲ punjabfood commission @ gmail. com ਜਾਂ ਹੈਲਪਲਾਈਨ ਨੰਬਰ 98767-64545 'ਤੇ ਸੰਪਰਕ ਕੀਤਾ ਜਾ ਸਕਦਾ ਹੈ ਜਾਂ ਜ਼ਿਲ੍ਹੇ ਦੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਕੋਲ ਦਰਜ ਵੀ ਸ਼ਿਕਾਇਤ ਦਰਜ ਕਰਵਾਈ ਜਾ ਸਕਦੀ ਹੈ।

ਅਮਿਟ ਯਾਦਾਂ ਛੱਡ ਗਿਆ ਏ ਆਈ ਪ੍ਰਿੰ. ਹਰਭਜਨ ਸਿੰਘ ਯਾਦਗਾਰੀ ਫੁੱਟਬਾਲ ਟੂਰਨਾਮੈਂਟ

ਮਾਹਿਲਪੁਰ (ਸ.ਫਰੀ) ਇਥੋਂ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੀ ਖੇਡ ਮੈਦਾਨ ਵਿੱਚ ਪ੍ਰਿੰਸੀਪਲ ਹਰਭਜਨ ਸਿੰਘ ਸਪੋਰਟਿੰਗ ਕਲੱਬ ਮਾਹਿਲਪੁਰ ਦੇ ਪ੍ਰਧਾਨ ਕੁਲਵੰਤ ਸੰਘਾ ਦੀ ਅਗਵਾਈ ਹੇਠ ਕਰਵਾਇਆ ਜਾ ਰਿਹਾ ਆਲ ਇੰਡੀਆ ਪ੍ਰਿੰਸੀਪਲ ਹਰਭਜਨ ਸਿੰਘ ਫੁਟਬਾਲ ਟੂਰਨਾਮੈਂਟ ਆਪਣੀਆਂ ਅਮਿਟ ਯਾਦਾਂ ਛੱਡਦਾ ਹੋਇਆ ਅੱਜ ਸਮਾਪਤ ਹੋ ਗਿਆ।ਇਸ ਮੌਕੇ ਮੁੱਖ ਮਹਿਮਾਨ ਵਜੋਂ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਦੀ ਧਰਮ ਪਤਨੀ ਸ਼੍ਰੀਮਤੀ ਨੀਲਮ ਕੌਰ ਰੋੜੀ ਨੇ ਸ਼ਿਰਕਤ ਕੀਤੀ ਅਤੇ ਕਲੱਬ ਦੇ ਪ੍ਰਬੰਧਕਾਂ ਨੂੰ ਪੰਜ ਲੱਖ ਰੁਪਏ ਦੀ ਸਹਾਇਤਾ ਰਾਸ਼ੀ ਦਾ ਚੈੱਕ ਸੌਂਪਿਆ।ਟੂਰਨਾਮੈਂਟ ਦੇ ਅੱਜ ਫਾਈਨਲ ਮੈਚਾਂ ਮੌਕੇ ਕਲੱਬ ਵਰਗ ਵਿੱਚ ਰਾਊਂਡ ਗਿਲਾਸ ਕਲੱਬ, ਮੋਹਾਲੀ ਦੀ ਟੀਮ ਨੇ ਦਿੱਲੀ ਫੁਟਬਾਲ ਕਲੱਬ ਨੂੰ 1-0 ਦੇ ਫਰਕ ਨਾਲ ਹਰਾ ਕੇ ਕਲੱਬ ਵਰਗ ਦੀ ਚੈਂਪੀਅਨਸ਼ਿਪ ਟਰਾਫੀ ਤੇ ਕਬਜ਼ਾ ਕੀਤਾ। ਕਾਲਜ ਵਰਗ ਦੇ ਫਾਈਨਲ ਮੁਕਾਬਲੇ ਵਿੱਚ ਖਾਲਸਾ ਕਾਲਜ ਗੜਸ਼ੰਕਰ ਨੇ ਖਾਲਸਾ ਕਾਲਜ ਮਾਹਿਲਪੁਰ ਨੂੰ 1-0 ਦੇ ਫਰਕ ਨਾਲ ਹਰਾਇਆ।ਅਕੈਡਮੀ (ਅੰਡਰ-18) ਵਰਗ ਵਿੱਚ ਜੇਸੀਟੀ ਫਗਵਾੜਾ ਦੀ ਟੀਮ ਨੇ ਰਾਊਂਡ ਗਲਾਸ ਮੋਹਾਲੀ ਦੀ ਟੀਮ ਨੂੰ 1-0 ਦੇ ਅੰਤਰ ਨਾਲ ਹਰਾ ਕੇ ਚੈਂਪੀਅਨਸ਼ਿਪ ਜਿੱਤੀ।ਇਸ ਮੌਕੇ ਕਲੱਬ ਦੇ ਪ੍ਰਧਾਨ ਕੁਲਵੰਤ ਸਿੰਘ ਸੰਘਾ ਨੇ ਦੇਸ਼ਾਂ ਵਿਦੇਸ਼ਾਂ ਵਿੱਚ ਵੱਸਦੇ ਟੂਰਨਾਮੈਂਟ ਦੇ ਸਹਿਯੋਗੀ ਸੱਜਣਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ । ਇਸ ਮੌਕੇ ਕਲੱਬ ਦੇ ਪ੍ਰਬੰਧਕਾਂ ਵੱਲੋਂ ਦੁਆਬਾ ਵਾਤਾਵਰਨ ਕਮੇਟੀ ਦੇ ਸਹਿਯੋਗ ਨਾਲ ਹਾਜ਼ਰ ਪਤਵੰਤਿਆਂ ਨੂੰ ਬੂਟੇ ਤਕਸੀਮ ਕੀਤੇ ਗਏ। ਇਸ ਮੌਕੇ ਰਣਜੀਤ ਬਜਾਜ, ਹਰਭਜਨ ਸਿੰਘ ਗਿੱਲ ਯੂਐਸਏ, ਰਿਟਾ ਐੱਸਪੀ ਸ਼ਵਿੰਦਰਜੀਤ ਸਿੰਘ ਬੈਂਸ, ਓਐਸਡੀ ਚਰਨਜੀਤ ਸਿੰਘ ਚੰਨੀ, ਨਗਰ ਪੰਚਾਇਤ ਦੇ ਪ੍ਰਧਾਨ ਦਵਿੰਦਰ ਸਿੰਘ ਸੈਣੀ, ਸੇਵਕ ਸਿੰਘ ਬੈਂਸ, ਸੁਰਿੰਦਰਜੀਤ ਸਿੰਘ ਡੋਕਸੀ, ਬਲਵੀਰ ਸਿੰਘ ਪੱਲੀਝਿੱਕੀ, ਪ੍ਰਿੰਸੀਪਲ ਜਗਮੋਹਨ ਸਿੰਘ, ਪ੍ਰਿੰਸੀਪਲ ਪਰਵਿੰਦਰ ਸਿੰਘ, ਗੁਰਮੇਲ ਸਿੰਘ ਗਿੱਲ ਨਾਰਵੇ, ਕੁਲਦੀਪ ਸਿੰਘ ਗਿੱਲ, ਨਰੇਸ਼ ਪਾਲ ਸਿੰਘ ਖਾਬੜਾ, ਬਲਦੀਪ ਸਿੰਘ ਗਿੱਲ, ਬੁੱਕਣ ਸਿੰਘ ਯੂਕੇ, ਮਨਜੀਤ ਸਿੰਘ ਕੈਨੇਡਾ, ਕੋਚ ਹਰਨੰਦਨ ਸਿੰਘ ਖਾਬੜਾ, ਬਨਿੰਦਰ ਸਿੰਘ, ਲੇਖਕ ਬਲਜਿੰਦਰ ਮਾਨ ਆਦਿ ਸਮੇਤ ਅਨੇਕਾਂ ਫੁੱਟਬਾਲ ਪ੍ਰੇਮੀ ਹਾਜ਼ਰ ਸਨ।

ਮਾਨ ਸਰਕਾਰ ਪੰਜਾਬ ਨੂੰ ਫਿਰ ਤੋਂ ਰੰਗਲਾ ਪੰਜਾਬ ਬਣਾਉਣ ਲਈ ਲਗਾਤਾਰ ਯਤਨਸ਼ੀਲ : ਕੁਲਵੰਤ

23 Feb Page-8.qxd 2/22/2025 10:39 PM Page 1

ਚੀਮਾ ਨੇ ਨਵੇਂ 8 ਕਰਮਚਾਰੀਆਂ ਨੂੰ ਨਿਯੁਕਤੀ ਪੱਤਰ ਸੌਂਪੇ

ਚੰਡੀਗੜ੍ਹ, (ਗੁਰਜੀਤ ਬਿੱਲਾ)—- ਪੰਜਾਬ ਦੇ ਵਿੱਤ, ਯੋਜਨਾ, ਆਬਕਾਰੀ ਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਆਬਕਾਰੀ ਤੇ ਕਰ ਵਿਭਾਗ ਵਿੱਚ ਤਰਸ ਦੇ ਆਧਾਰ 'ਤੇ ਨਿਯੁਕਤ ਕੀਤੇ ਗਏ 7 ਕਲਰਕਾਂ ਅਤੇ 1 ਸੇਵਾਦਾਰ ਨੂੰ ਨਿਯੁਕਤੀ ਪੱਤਰ ਸੌਂਪੇ। ਚੀਮਾ ਨੇ ਨਵ-ਨਿਯੁਕਤ ਕਰਮਚਾਰੀਆਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਦੀਆਂ ਨਵੀਆਂ ਭੂਮਿਕਾਵਾਂ ਵਿੱਚ ਸਮਰਪਣ ਅਤੇ ਸਖ਼ਤ ਮਿਹਨਤ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਸੂਬੇ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਵਿੱਚ ਆਬਕਾਰੀ ਤੇ ਕਰ ਵਿਭਾਗ ਦੀ ਅਹਿਮ ਭੂਮਿਕਾ ਬਾਰੇ ਚਾਨਣਾ ਪਾਇਆ ਅਤੇ ਆਸ ਪ੍ਰਗਟਾਈ ਕਿ ਇਹ ਕਰਮਚਾਰੀ ਆਪਣੀ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਉਣਗੇ।

ਸੀ ਟੀ ਆਈ ਈ ਐੱਮ ਟੀ ਕਾਲਜ ਨੇ ਕੀਤੀ ਬੂਟ ਕੈਂਪ ਦੀ ਮੇਜ਼ਬਾਨੀ

ਜਲੰਧਰ -(ਸੈਲੀ ਐਲਬਰਟ)- ਸੀਟੀ ਇੰਸਟੀਚਿਊਟ ਆਫ਼ ਇੰਜੀਨੀਅਰਿੰਗ, ਮੈਨੇਜਮੈਂਟ ਐਂਡ ਟੈਕਨਾਲੋਜੀ ਨੇ ਆਲ ਇੰਡੀਆ ਕੌਂਸਲ ਫਾਰ ਟੈਕਨੀਕਲ ਐਜੂਕੇਸ਼ਨ ਅਤੇ ਸਿੱਖਿਆ ਮੰਤਰਾਲੇ ਦੇ ਇਨੋਵੇਸ਼ਨ ਸੈੱਲ ਦੇ ਸਹਿਯੋਗ ਨਾਲ ਇਨੋਵੇਸ਼ਨ, ਡਿਜ਼ਾਈਨ ਅਤੇ ਉੱਦਮਤਾ ਬੂਟ ਕੈਂਪ—ਐਡੀਸ਼ਨ 2, ਫੇਜ਼ 2 ਦੀ ਸਫਲਤਾਪੂਰਵਕ ਮੇਜ਼ਬਾਨੀ ਕੀਤੀ। ਇਹ ਪੰਜ-ਦਿਨਾਂ ਬੂਟ ਕੈਂਪ ਭਾਰਤ ਭਰ ਵਿੱਚ 12 ਥਾਵਾਂ ਤੇ ਇੱਕੋ ਸਮੇਂ ਆਯੋਜਿਤ ਕੀਤਾ ਗਿਆ ਸੀ, ਜਿਸ ਵਿੱਚ ਟੀਮਾਂ ਨੇ ਦੇਸ਼ ਭਰ ਵਿੱਚੋਂ ਹਿੱਸਾ ਲਿਆ। ਸੀ ਟੀ ਆਈ ਈ ਐਮ ਟੀ ਵਿਖੇ 200 ਤੋਂ ਵੱਧ ਵਿਦਿਆਰਥੀਆਂ ਨੇ ਇੰਟੈਂਸਿਵ ਪ੍ਰੋਗਰਾਮ ਵਿੱਚ ਹਿੱਸਾ ਲਿਆ ਤੇ ਨਵੀਨਤਾ ਅਤੇ ਉੱਦਮਤਾ ਵਿੱਚ ਵਿਹਾਰਕ ਅਨੁਭਵ ਪ੍ਰਾਪਤ ਕੀਤਾ। ਪਹਿਲੇ ਦਿਨ ਆਨਲਾਈਨ ਉਦਘਾਟਨ ਪ੍ਰੋਫੈਸਰ ਟੀ ਜੀ ਸੀਤਾਰਾਮ ਦੁਆਰਾ ਕੀਤਾ ਗਿਆ । ਇਸ ਪ੍ਰੋਗਰਾਮ ਲਈ ਨੋਡਲ ਸੈਂਟਰ ਮੁਖੀ ਸਰੀਮ ਮੋਇਨ, ਇਨੋਵੇਸ਼ਨ ਅਫਸਰ ਅਤੇ ਅੰਕੁਸ਼ ਗਾਵਰੀ, ਮੈਨੇਜਰ ਅਤੇ ਤਕਨਾਲੋਜੀ ਟ੍ਰਾਂਸਫਰ ਸਨ । ਬੂਟ ਕੈਂਪ ਵਿਦਿਆਰਥੀਆਂ ਲਈ ਇੰਟਰਐਕਟਿਵ ਸੈਸ਼ਨਾਂ, ਉਦਯੋਗਿਕ ਮੁਲਾਕਾਤਾਂ, ਇਨਕਿਊਬੇਟਰ ਮੁਲਾਕਾਤਾਂ, ਪੈਨਲ ਚਰਚਾਵਾਂ, ਅਤੇ ਉੱਦਮਤਾ, ਉਤਪਾਦ ਨਵੀਨਤਾ ਅਤੇ ਕਾਰੋਬਾਰੀ ਵਿਕਾਸ ਦੇ ਮੁੱਖ ਪਹਿਲੂਆਂ ਤੇ ਕੇਂਦ੍ਰਤ

ਕਰਨ ਵਾਲੇ ਵਿਹਾਰਕ ਵਰਕਸ਼ਾਪਾਂ ਵਿੱਚ ਹਿੱਸਾ ਲੈਣ ਲਈ ਇੱਕ ਗਤੀਸ਼ੀਲ ਪਲੇਟਫਾਰਮ ਵਜੋਂ ਕੰਮ ਕਰਦਾ ਸੀ। ਕਵਰ ਕੀਤੇ ਗਏ ਵਿਸ਼ਿਆਂ ਵਿੱਚ ਸਟਾਰਟਅੱਪ, ਪੇਟੈਂਟ, ਉਤਪਾਦ ਡਿਜ਼ਾਈਨ, ਉਪਭੋਗਤਾ ਅਨੁਭਵ, ਗਾਹਕ ਵਿਅਕਤੀਤਵ, ਅਤੇ ਪ੍ਰੋਟੋਟਾਈਪ-ਟੂ-ਐਮਵੀਪੀ ਵਿਕਾਸ ਸ਼ਾਮਲ ਸਨ । ਆਖਰੀ ਦਿਨ ਭਾਰਤ ਭਰ ਤੋਂ 38 ਟੀਮਾਂ ਨੇ ਇੱਕ ਮੁਕਾਬਲੇ ਵਾਲੇ ਪਿੱਚ ਸੈਸ਼ਨ ਵਿੱਚ ਆਪਣੇ ਸਟਾਰਟਅੱਪ ਵਿਚਾਰ ਪੇਸ਼ ਕੀਤੇ। ਉਦਯੋਗ ਮਾਹਰਾਂ ਦੇ ਇੱਕ ਪੈਨਲ ਦੁਆਰਾ ਸਖ਼ਤ ਮੁਲਾਂਕਣ ਤੋਂ ਬਾਅਦ ਸੱਤ ਉੱਦਮਾਂ ਦੁਆਰਾ ਪੰਜ ਸਥਾਨ ਭਰੇ ਗਏ। ਟੀਮ ਡੀਪ ਟਰੂਥ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ।ਮਿਲਧਾਯਾ ਦੂਜੇ ਅਤੇ ਕਵਾਡ ਬਿਟਸ ਤੀਜੇ ਸਥਾਨ 'ਤ ਰਹੇ। ਜਿਊਰੀ ਪੈਨਲ ਵਿੱਚ ਪ੍ਰਮੁੱਖ ਉੱਦਮੀ, ਉਦਯੋਗਪਤੀ ਅਤੇ ਸਟਾਰਟਅੱਪ ਸਲਾਹਕਾਰ ਸ਼ਾਮਲ ਸਨ, ਜਿਨ੍ਹਾਂ ਵਿੱਚ ਬਸੰਤ ਆਟੋਟੈਕ ਐਲ ਐਲ ਪੀ ਦੇ ਸੀ ਈ ਓ ਅਤੇ ਐਮ ਡੀ ਤੁਸ਼ਾਰ ਜੈਨ ਸ਼ਾਮਲ ਸਨ । ਐਸ ਏ ਵੀ ਆਈ ਇੰਟਰਨੈਸ਼ਨਲ ਦੇ ਮੈਨੇਜਿੰਗ ਡਾਇਰੈਕਟਰ ਮੁਕੁਲ ਵਰਮਾ, ਹੋਵਰ ਰੋਬੋਟਿਕਸ ਦੇ ਸੰਸਥਾਪਕ ਅਤੇ ਸੀ ਈ ਓ ਡਾ. ਮੁਨੀਸ਼ ਜਿੰਦਲ ਅਤੇ ਮੈਂਟਰਐਕਸ ਗਲੋਬਲ ਦੇ ਸੰਸਥਾਪਕ ਪ੍ਰਧਾਨ, ਕੋਵਲੈਂਸ ਰਿਸਰਚ ਪ੍ਰਾਈਵੇਟ ਲਿਮਟਿਡ ਦੇ ਡਾਇਰੈਕਟਰ ਸ਼ਿਆਮਲ ਕਿਸ਼ੋਰ, ਏਕਾਰਾ ਫਾਈਨਾਂਸ਼ੀਅਲ ਸਰਵਿਸਿਜ਼ ਪ੍ਰਾਈਵੇਟ ਲਿਮਟਿਡ ਦੇ ਸੰਸਥਾਪਕ ਅਤੇ ਸੀ ਈ ਓ ਅਨੀਮਾ ਮਿਸ਼ਰਾ, ਰੇਵਅੱਪ ਲਾਈਫ ਸਕਿੱਲਜ਼ ਦੇ ਸੰਸਥਾਪਕ ਅਤੇ ਮੈਂਟਰਐਕਸ ਗਲੋਬਲ ਦੇ ਸਹਿ-ਸੰਸਥਾਪਕ ਡਾ. ਨੈਨਸੀ ਜੁਨੇਜਾ, ਨਮਨ ਪੀਜ਼ੇਰੀਆ ਅਤੇ ਬਿਸਟਰੋ ਦੇ ਸੰਸਥਾਪਕ ਸ਼ੈੱਫ ਨਮਨ ਅਰੋੜਾ, ਫੂਡ ਜੀਪੀਟੀ ਦੇ ਸੰਸਥਾਪਕ ਅਤੇ ਸ਼ੈੱਫ ਸਲਾਹਕਾਰ ਸ਼ੈੱਫ ਵਿਸ਼ਵਦੀਪ ਬਾਲੀ ਅਤੇ ਓ7 ਸਲਿਊਸ਼ਨਜ਼ ਦੇ ਮੈਨੇਜਿੰਗ ਡਾਇਰੈਕਟਰ ਗੌਰਵ ਸ਼ਰਮਾ।ਸਮਾਪਤੀ ਸਮਾਰੋਹ ਵਿੱਚ ਕੈਂਪਸ ਦੇ ਡਾਇਰੈਕਟਰ ਡਾ. ਜਸਦੀਪ ਕੌਰ ਧਾਮੀ; ਅਕਾਦਮਿਕ ਸੰਚਾਲਨ ਦੇ ਡਾਇਰੈਕਟਰ ਡਾ. ਸੰਗਰਾਮ, ਅਤੇ ਸੀ ਸੀ ਪੀ ਸੀ ਦੇ ਡਾਇਰੈਕਟਰ ਡਾ. ਨਿਤਨ ਅਰੋੜਾ ਸ਼ਾਮਲ ਹੋਏ ।

ਦਸਵੀਂ ਤੇ ਬਾਹਰਵੀਂ ਦੀ ਅਨੁਪੂਰਕ ਪ੍ਰੀਖਿਆ ਲਈ ਬਣਾਏ 14 ਪ੍ਰੀਖਿਆ ਕੇਂਦਰ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)- ਕੇਂਦਰੀ ਸੈਕੰਡਰੀ ਸਿੱਖਿਆ ਬੋਰਡ ਵਲੋਂ ਦਸਵੀਂ ਅਤੇ ਬਾਹਰਵੀਂ ਜਮਾਤ ਦੀ ਅਨੁਪੂਰਕ ਪ੍ਰੀਖਿਆ ਦੇ ਮੱਦੇਨਜ਼ਰ ਜ਼ਿਲ੍ਹਾ ਮੈਜਿਸਟਰੇਟ ਕੋਮਲ ਮਿੱਤਲ ਵਲੋਂ ਹੁਕਮ ਜਾਰੀ ਕਰਦਿਆਂ ਪ੍ਰੀਖਿਆ ਕੇਂਦਰਾਂ ਦੇ 100 ਮੀਟਰ ਦੇ ਘੇਰੇ ਅੰਦਰ ਭਾਰਤੀਯ ਨਾਗਰਿਕ ਸੁਰੱਖਿਆ ਸੰਹਿਤਾਂ 2023 ਦੀ ਧਾਰਾ 163 ਲਾਗੂ ਕਰਦਿਆਂ ਇਨ੍ਹਾਂ ਕੇਂਦਰਾਂ ਦੇ ਆਲੇ-ਦੁਆਲੇ 5 ਜਾਂ ਇਸ ਤੋਂ ਵੱਧ ਵਿਅਕਤੀਆਂ ਦੇ ਇਕੱਠੇ ਹੋਣ 'ਤੇ ਪਾਬੰਦੀ ਲਾਈ ਹੈ। ਜਾਰੀ ਹੁਕਮਾਂ ਅਨੁਸਾਰ 4 ਅਪ੍ਰੈਲ ਤੱਕ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਹੋਣ ਵਾਲੀਆਂ ਇਨ੍ਹਾਂ ਪ੍ਰੀਖਿਆਵਾਂ ਲਈ ਬਣੇ 14 ਕੇਂਦਰਾਂ ਦੇ ਆਲੇ-ਦੁਆਲੇ ਇਹ ਹੁਕਮ ਲਾਗੂ ਰਹਿਣਗੇ। ਇਹ ਪ੍ਰੀਖਿਆਵਾਂ ਸਵੇਰੇ 10:30 ਵਜੇ ਤੋਂ ਦੁਪਹਿਰ 1:30 ਵਜੇ ਤੱਕ ਲਈਆਂ ਜਾਣਗੀਆਂ ਜਿਨ੍ਹਾਂ ਨੂੰ ਸੁਚੱਜੇ ਢੰਗ ਨਾਲ ਕਰਵਾਉਣ ਲਈ ਇਹ ਹੁਕਮ ਜਾਰੀ ਕੀਤੇ ਗਏ ਹਨ। ਜ਼ਿਕਰਯੋਗ ਹੈ ਕਿ ਪ੍ਰੀਖਿਆਵਾਂ ਲਈ ਆਰਮੀ ਸਕੂਲ ਉਚੀ ਬੱਸੀ, ਦਸ਼ਮੇਸ ਪਬਲਿਕ ਸਕੂਲ ਚੱਕ ਅੱਲਾ ਬਖਸ਼, ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਪੰਡੋਰੀ ਖੰਜੂਰ, ਦੁਆਬਾ ਪਬਲਿਕ ਸਕੂਲ ਕੋਹਲਰੋਂ, ਸਿਲਵਰ ਓਕ ਇੰਟਰਨੈਸ਼ਨਲ ਸਕੂਲ ਟਾਂਡਾ, ਕੈਂਮਬ੍ਰਿਜ ਇੰਟਰਨੈਸ਼ਨਲ ਸਕੂਲ ਹਾਜੀਪੁਰ ਰੋਡ, ਵਸ਼ਿਸ਼ਟ ਭਾਰਤੀ ਇੰਟਰਨੈਸ਼ਨਲ ਸਕੂਲ ਪਿੰਡ ਦਾਤਾਰਪੁਰ, ਗਲੋਬਲ ਪਬਲਿਕ ਸਕੂਲ ਪਿੰਡ ਰੰਗਾ, ਜੈਂਮਜ਼ ਕੈਂਮਬ੍ਰਿਜ ਇੰਟਰਨੈਸ਼ਨਲ ਸਕੂਲ ਪੁਰਹੀਰਾਂ, ਐਸ.ਬੀ.ਐਸ. ਮਾਡਲ ਹਾਈ ਸਕੂਲ ਸਦਰਪੁਰ ਗੜ੍ਹਸ਼ੰਕਰ, ਪੈਰਲਜ਼ ਇੰਟਰਨੈਸ਼ਨਲ ਸਕੂਲ ਬੱਲੋਵਾਲ, ਦਿੱਲੀ ਇੰਟਰਨੈਸ਼ਨਲ ਸਕੂਲ ਚੱਬੇਵਾਲ, ਐਸ.ਡੀ.ਸਿਟੀ ਪਬਲਿਕ ਸਕੂਲ ਆਦਮਵਾਲ ਅਤੇ ਕੇਂਦਰੀ ਵਿਦਿਆਲਿਆ ਭੂੰਗਾ ਵਿਖੇ ਸੈਂਟਰ ਬਣੇ ਹਨ। ਇਹ ਹੁਕਮ 4 ਅਪ੍ਰੈਲ ਤੱਕ ਲਾਗੂ ਰਹੇਗਾ।

8 ਨੂੰ ਲੱਗਣ ਵਾਲੀ ਲੋਕ ਅਦਾਲਤ 'ਚ ਵੱਧ ਤੋਂ ਵੱਧ ਕੇਸਾਂ ਦਾ ਨਿਪਟਾਰਾ ਕਰਨ ਦੇ ਨਿਰਦੇਸ਼

ਫਗਵਾੜਾ, (ਡਾ. ਰਮਨ, ਜਸਵਿੰਦਰ ਢੱਡਾ) ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ੍ਰੀਮਤੀ ਰਾਜਵੰਤ ਕੌਰ ਵਲੋਂ ਉਪ ਮੰਡਲ ਫਗਵਾੜਾ ਦੌਰਾ ਕਰਕੇ ਕਾਨੂੰਨੀ ਸੇਵਾਵਾਂ ਕਮੇਟੀ ਦੇ ਚੇਅਰਪਰਸਨ ਸ੍ਰੀਮਤੀ ਸੁਰੇਖਾ ਡੱਡਵਾਲ ਐਡੀ.ਸਿਵਲ ਜੱਜ (ਸੀ.ਡੀ.) ਫਗਵਾੜਾ ਨਾਲ ਮੁਲਾਕਾਤ ਕੀਤੀ ਗਈ । ਮੀਟਿੰਗ ਦੌਰਾਨ ਉਨ੍ਹਾਂ ਵਲੋਂ 8 ਮਾਰਚ ਨੂੰ ਲੱਗਣ ਵਾਲੀ ਨੈਸ਼ਨਲ ਲੋਕ ਅਦਾਲਤ ਵਿੱਚ ਵੱਧ ਤੋਂ ਵੱਧ ਕੇਸਾਂ ਦੇ ਨਿਪਟਾਰੇ ਬਾਰੇ ਵੀ ਗੱਲਬਾਤ ਕੀਤੀ ਗਈ। ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ੍ਰੀਮਤੀ ਰਾਜਵੰਤ ਕੌਰ ਵਲੋਂ ਪੈਨਲ ਦੇ ਵਕੀਲਾਂ ਨਾਲ ਮੀਟਿੰਗ ਕਰ,ਉਨ੍ਹਾਂ ਨੂੰ ਕਾਨੂੰਨੀ ਸਹਾਇਤਾ ਦੇ ਕੇਸਾਂ ਵਿੱਚ ਪੈਨਲ ਦੇ ਵਕੀਲਾਂ ਵਲੋਂ ਤਾਰੀਖ ਪੇਸ਼ੀ ਤੇ ਅਦਾਲਤ ਵਿੱਚ ਅਪਣੀ ਹਾਜ਼ਰੀ ਯਕੀਨੀ ਬਨਾਉਣ ਨੂੰ ਕਿਹਾ ਗਿਆ। ਉਨ੍ਹਾਂ ਕਿਹਾ ਕਿ ਤਾਰੀਖ ਪੇਸ਼ੀ ਸਬੰਧੀ ਪ੍ਰਾਰਥੀਆਂ ਨੂੰ ਵੀ ਸੂਚਿਤ ਕੀਤਾ ਜਾਵੇ ਅਤੇ ਨੈਸ਼ਨਲ ਲੋਕ ਅਦਾਲਤ ਸਬੰਧੀ ਵੱਧ ਤੋਂ ਵੱਧ ਜਾਗਰੂਕ ਕੀਤਾ ਜਾਵੇ। ਉਨ੍ਹਾਂ ਸਮੂਹ ਵਕੀਲਾਂ ਨੂੰ ਹਦਾਇਤ ਕੀਤੀ ਕਿ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ. ਏ. ਐਸ.ਨਗਰ, ਮੋਹਾਲੀ ਤੋਂ ਹਰ ਮਹੀਨੇ ਭੇਜੇ ਜਾਂਦੇ ਐਕਸ਼ਨ ਪੈਲਨ ਮੁਤਾਬਕ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਕਪੂਰਥਲਾ ਵਲੋਂ ਸੈਮੀਨਾਰ ਕਰਵਾਉਣ ਲਈ ਬਣਾਏ ਗਏ ਸ਼ਡਿਊਲ ਅਨੁਸਾਰ ਨਿਰਧਾਰਤ ਪ੍ਰੋਗਰਾਮ ਕਰਵਾ ਸੈਮੀਨਾਰ ਦੀ ਕਾਰਵਾਈ ਰਿਪੋਰਟ ਸਮੇਤ ਫੋਟੋਗ੍ਰਾਫ ਜ਼ਿਲ੍ਹਾ ਅਥਾਰਟੀ ਨੂੰ ਭੇਜੀ ਜਾਣੀ ਯਕੀਨੀ ਬਣਾਈ ਜਾਵੇ ਅਤੇ ਸੈਮੀਨਾਰਾਂ ਦੌਰਾਨ ਮੁਫ਼ਤ ਕਾਨੂੰਨੀ ਸਹਾਇਤਾ ਸਕੀਮਾਂ, ਲੋਕ ਅਦਾਲਤਾਂ, ਨੈਸ਼ਨਲ ਲੋਕ ਅਦਾਲਤ, ਮੀਡੀਏਸ਼ਨ ਐਂਡ ਕੰਸੀਲੇਸ਼ਨ ਸੈਂਟਰ,ਸਥਾਈ ਲੋਕ ਅਦਾਲਤ (ਜਨ ਉਪਯੋਗੀ ਸੇਵਾਵਾਂ) ਅਤੇ ਨਾਲਸਾ ਵਲੋਂ ਚਲਾਈਆਂ ਗਈਆਂ ਵੱਖ ਵੱਖ ਸਕੀਮਾਂ ਬਾਰੇ ਲੋਕਾਂ ਨੂੰ ਵੱਧ ਤੋਂ ਵੱਧ ਜਾਗਰੂਕ ਕੀਤਾ ਜਾਵੇ।

ਆਰ ਬੀ ਡੀ ਸੀ ਐੱਚ ਵਿਖੇ ਦਿਲ ਦੀ ਸਿਹਤ ਸੰਬੰਧੀ ਜਾਗਰੂਕਤਾ ਪ੍ਰੋਗਰਾਮ

ਮੋਹਾਲੀ, ਕੁਰਾਲੀ (ਗੁਰਜੀਤ ਬਿੱਲਾ, ਮੋਹਨ ਅੱਗਰਵਾਲ)- ਰਿਆਤ ਬਾਹਰਾ ਡੈਂਟਲ ਕਾਲਜ ਅਤੇ ਹਸਪਤਾਲ ਨੇ ਰਿਆਤ ਬਾਹਰਾ ਕਾਲਜ ਆਫ ਨਰਸਿੰਗ ਦੇ ਸਹਿਯੋਗ ਨਾਲ ਦਿਲ ਦੀ ਸਿਹਤ ਜਾਗਰੂਕਤਾ ਅਤੇ ਤਣਾਅ ਪ੍ਰਬੰਧਨ 'ਤੇ ਇੱਕ ਪ੍ਰੋਗਰਾਮ ਆਯੋਜਿਤ ਕੀਤਾ । ਇਸ ਪ੍ਰੋਗਰਾਮ ਵਿੱਚ ਦਿਲ-ਸਿਹਤਮੰਦ ਜੀਵਨ ਸ਼ੈਲੀ ਨੂੰ ਉਤਸ਼ਾਹਿਤ ਕਰਨ ਲਈ ਮਾਹਿਰਾਂ ਦੀ ਚਰਚਾ, ਇੰਟਰਐਕਟਿਵ ਸੈਸ਼ਨ ਅਤੇ ਤੰਦਰੁਸਤੀ ਦੀਆਂ ਗਤੀਵਿਧੀਆਂ ਸ਼ਾਮਲ ਕੀਤੀਆਂ ਗਈਆਂ।ਸਮਾਗਮ ਦੀ ਸ਼ੁਰੂਆਤ ਡਾ. ਦੀਪਕ ਪੁਰੀ, ਸੀਨੀਅਰ ਡਾਇਰੈਕਟਰ ਸੀਵੀਟੀਐਸ, ਮੈਕਸ ਸੁਪਰਸਪੈਸ਼ਲਿਸਟ ਹਸਪਤਾਲ, ਅਨੀਤਾ ਯੋਗਾ ਇੰਸਟ੍ਰਕਟਰ ,ਡਾ: ਅਕਸ਼ੈ ਕੁਮਾਰ ਸ਼ਰਮਾ ਪ੍ਰਿੰਸੀਪਲ, ਡਾ: ਨੀਨਾ ਮਹਿਤਾ, ਡੀਨ ਅਕਾਦਮਿਕ (ਆਰ.ਬੀ.ਡੀ.ਸੀ.ਐਚ.) ਅਤੇ ਡਾ: ਮਨਦੀਪ ਕੁਮਾਰ, ਵਾਈਸ-ਪ੍ਰਿੰਸੀਪਲ। ਦੁਆਰਾ ਰਸਮੀ ਰਵਾਇਤੀ ਦੀਪ ਜਗਾਉਣ ਨਾਲ ਹੋਈ।ਪ੍ਰਸਿੱਧ ਕਾਰਡੀਓਵੈਸਕੁਲਰ ਮਾਹਿਰ ਡਾ. ਦੀਪਕ ਪੁਰੀ ਨੇ ਖਾਸ ਤੌਰ 'ਤੇ ਨੌਜਵਾਨਾਂ ਵਿੱਚ ਦਿਲ ਦੀਆਂ ਬਿਮਾਰੀਆਂ ਦੇ ਵਧ ਰਹੇ ਪ੍ਰਚਲਨ ਨੂੰ ਸੰਬੋਧਿਤ ਕਰਦੇ ਹੋਏ ਗਹਿਰੀ ਜਾਣਕਾਰੀ ਭਰਪੂਰ ਭਾਸ਼ਣ ਦਿੱਤਾ। ਡਾ. ਦੀਪਕ ਪੁਰੀ ਨੇ ਦਿਲ ਦੀਆਂ ਬਿਮਾਰੀਆਂ ਦੇ ਜੋਖਮਾਂ ਨੂੰ ਘਟਾਉਣ ਲਈ ਜੀਵਨਸ਼ੈਲੀ ਵਿੱਚ ਤਬਦੀਲੀਆਂ ਜਿਵੇਂ ਕਿ ਨਿਯਮਤ ਕਸਰਤ, ਇੱਕ ਸੰਤੁਲਿਤ ਖੁਰਾਕ, ਅਤੇ ਪ੍ਰਭਾਵਸ਼ਾਲੀ ਤਣਾਅ ਪ੍ਰਬੰਧਨ ਤਕਨੀਕਾਂ 'ਤੇ ਜ਼ੋਰ ਦਿੱਤਾ।ਤਣਾਅ ਅਤੇ ਦਿਲ ਦੀ ਸਿਹਤ ਪ੍ਰਬੰਧਨ ਵਿੱਚ ਸਰੀਰਕ ਗਤੀਵਿਧੀ ਦੇ ਮਹੱਤਵ ਨੂੰ ਮਜ਼ਬੂਤ ਕਰਨ ਲਈ, ਅਨੀਤਾ ਯੋਗਾ ਇੰਸਟ੍ਰਕਟਰ (ਵੀਅਤਨਾਮ ਤੋਂ ਇੱਕ ਤੰਦਰੁਸਤੀ ਮਾਹਰ) ਦੁਆਰਾ ਇੱਕ ਯੋਗਾ ਸੈਸ਼ਨ ਵੀ ਕਰਵਾਇਆ ਗਿਆ। ਇਹ ਸੈਸ਼ਨ ਆਰਾਮ ਅਤੇ ਦਿਮਾਗੀ ਤਕਨੀਕਾਂ 'ਤੇ ਕੇਂਦ੍ਰਤ ਰਿਹਾ ।ਇਸ ਤੋਂ ਬਾਅਦ ਇੱਕ ਉੱਚ-ਊਰਜਾ ਵਾਲੀ ਜ਼ੁੰਬਾ ਕਸਰਤ ਕੀਤੀ ਗਈ, ਜਿਸ ਵਿੱਚ ਕਾਰਡੀਓਵੈਸਕੁਲਰ ਫਿਟਨੈਸ 'ਤੇ ਪੋਜ਼ੀਟਿਵ ਪ੍ਰਭਾਵ ਨੂੰ ਉਭਾਰਿਆ।ਡਾ: ਅਕਸ਼ੈ ਕੁਮਾਰ ਸ਼ਰਮਾ ਵੱਲੋਂ ਡਾ: ਦੀਪਕ ਪੁਰੀ ਅਤੇ ਸ੍ਰੀਮਤੀ ਅਨੀਤਾ ਨੂੰ ਯਾਦਗਾਰੀ ਚਿੰਨ੍ਹ ਅਤੇ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ ।

ਪ੍ਰਧਾਨ ਮੰਤਰੀ ਇੰਟਰਨਸ਼ਿਪ ਸਕੀਮ 'ਤੇ ਕਰਵਾਇਆ ਸੈਮੀਨਾਰ

ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)— ਸ਼ਹੀਦ ਮੇਜਰ ਹਰਮਿੰਦਰਪਾਲ ਸਿੰਘ (ਸ਼੍ਰੌਰਿਆ ਚੱਕਰ) ਸਰਕਾਰੀ ਕਾਲਜ, ਮੋਹਾਲੀ ਦੇ ਕੈਰੀਅਰ ਅਤੇ ਪਲੇਸਮੈਂਟ ਸੈੱਲ ਨੇ ਪ੍ਰਧਾਨ ਮੰਤਰੀ ਇੰਟਰਨਸ਼ਿਪ ਸਕੀਮ ਤੇ ਇੱਕ ਸੈਮੀਨਾਰ ਦਾ ਸਫਲਤਾਪੂਰਵਕ ਆਯੋਜਨ ਕੀਤਾ। ਸਮਾਗਮ ਵਿੱਚ 200 ਤੋਂ ਵੱਧ ਵਿਦਿਆਰਥੀਆਂ ਦੀ ਭਾਗੀਦਾਰੀ ਦੇਖੀ ਗਈ, ਜਿਨ੍ਹਾਂ ਨੇ ਵੱਖ-ਵੱਖ ਪੇਸ਼ੇਵਰ ਖੇਤਰਾਂ ਦੇ ਬੁਲਾਰਿਆਂ ਨਾਲ ਸਮਝਦਾਰੀ ਨਾਲ ਚਰਚਾ ਕੀਤੀ।ਇਸ ਸੈਮੀਨਾਰ ਵਿੱਚ ਰੋਜ਼ਗਾਰ ਬਿਊਰੋ ਦੇ ਡਿਪਟੀ ਡਾਇਰੈਕਟਰ ਮੇਜਰ ਹਰਪ੍ਰੀਤ ਸਿੰਘ ਮਾਨਸ਼ਾਹੀਆਂ ਨੇ ਵਿਦਿਆਰਥੀਆਂ ਨਾਲ ਕਾਮਯਾਬ ਹੋਣ ਦੇ ਸਫਲ ਤਰੀਕਿਆ ਬਾਰੇ ਗੱਲਬਾਤ ਕੀਤੀ। ਅਨੁਪਮ ਵਸ਼ਿਸ਼ਟ, ਰਜਿਸਟਰਾਰ ਆਫ ਕੰਪਨੀਜ਼ ਅਤੇ ਸ਼੍ਰੀਮਤੀ ਦੀਪਮਾਲਾ ਬਾਗੜੀ, ਸਹਾਇਕ ਰਜਿਸਟਰਾਰ ਆਫ ਕੰਪਨੀਜ਼ ਬੁਲਾਰਿਆਂ ਨੇ ਕਰੀਅਰ ਦੀਆਂ ਸੰਭਾਵਨਾਵਾਂ, ਇੰਟਰਨਸ਼ਿਪ ਦੇ ਮੌਕਿਆਂ ਅਤੇ ਵਿਦਿਆਰਥੀਆਂ ਨੂੰ ਡਿਗਰੀਆਂ ਪੂਰੀਆਂ ਹੋਣ ਤੋਂ ਬਾਅਦ ਉਪਲਬਧ ਮਾਰਗਾਂ ਬਾਰੇ ਵੱਡਮੁੱਲਾ ਮਾਰਗਦਰਸ਼ਨ ਪ੍ਰਦਾਨ ਕੀਤਾ।ਇਹ ਸੈਸ਼ਨ ਬਹੁਤ ਹੀ ਅਸਰਦਾਰ ਸਾਬਤ ਹੋਇਆ, ਵਿਦਿਆਰਥੀਆਂ ਨੂੰ ਪੇਸ਼ੇਵਰ ਲੈਂਡਸਕੇਪ ਬਾਰੇ ਜ਼ਰੂਰੀ ਗਿਆਨ ਨਾਲ ਭਰਪੂਰ ਕੀਤਾ ਅਤੇ ਉਨ੍ਹਾਂ ਨੂੰ ਸੂਚਿਤ ਕਰੀਅਰ ਫੈਸਲੇ ਲੈਣ ਦੇ ਯੋਗ ਬਣਾਇਆ। ਸਮਾਗਮ ਨੇ ਕਰੀਅਰ-ਅਧਾਰਿਤ ਪਹਿਲਕਦਮੀਆਂ ਨੂੰ ਉਤ

23-FEB-PAGE-4.qxd 2/22/2025 10:59 PM Page 2

ਪੰਜਾਬ ਅਤੇ ਪਿੰਡ : ਅਤੀਤ ਅਤੇ ਵਰਤਮਾਨ
(ਆਖਰੀ ਸਫੇ 'ਤੇ)

ਨਵਾਂ ਜ਼ਮਾਨਾ ਐਤਵਾਰਤਾ

Regd. No : L-4/Pb-JL-0023/2024-26, (R.N.I.)-00068/57

ਜਲੰਧਰ : ਐਤਵਾਰ, 23 ਫਰਵਰੀ 2025

www.nawanzamana.in

ਕੀਮਤ 5.00 ਰੁਪਏ

ਹੌਲੀ ਹੌਲੀ ਚਿਹਰੇ ਖ਼ਾਰਜ ਹੋ ਜਾਂਦੇ ਤਸਵੀਰਾਂ 'ਚੋਂ ਇੱਕ ਵੇਲ਼ੇ ਫ਼ੋਟੋ ਹੀ ਆਪਣਾ ਸ਼ੀਸ਼ਾ ਟੁੱਕਣ ਲੱਗਦੀ ਹੈ।

- ਗੁਰਤੇਜ ਕੁਹਾਰਵਾਲਾ

ਆਨੰਦ ਤੇਲਤੁੰਬੜੇ

ਅਨੁ. : ਬੂਟਾ ਸਿੰਘ ਮਹਿਮੂਦਪੁਰ

ਅੰਬੇਡਕਰ ਤੇ ਹਿੰਦੂਤਵ ਦਰਮਿਆਨ ਸਮਝੌਤਾ ਰਹਿਤ ਵਿਚਾਰਧਾਰਕ ਖਾਈ

ਉੱਘੇ ਵਿਦਵਾਨ, ਲੇਖਕ ਅਤੇ ਮਨੁੱਖੀ ਅਧਿਕਾਰ ਕਾਰਕੁਨ ਆਨੰਦ ਤੇਲਤੁੰਬੜੇ ਦਾ ਇਹ ਲੇਖ ਆਰ ਐੱਸ ਐੱਸ ਤੇ ਭਾਜਪਾ ਵੱਲੋਂ ਰਾਜਨੀਤਕ ਲਾਹਾ ਲੈਣ ਲਈ ਅੰਬੇਡਕਰ ਦੀ ਵਿਰਾਸਤ ਨੂੰ ਹਥਿਆਉਣ ਦੀਆਂ ਚਾਲਾਂ ਦਾ ਬਖ਼ੂਬੀ ਪਰਦਾ ਫਾਸ਼ ਕਰਦਾ ਹੈ, ਜਿਸ ਦੇ ਮਹੱਤਵ ਦੇ ਮੱਦੇਨਜ਼ਰ ਲੇਖ ਦਾ ਪੰਜਾਬੀ ਰੂਪ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ।

-ਸੰਪਾਦਕ

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸੰਵਿਧਾਨ ਦੀ 75ਵੀਂ ਵਰ੍ਹੇਗੰਢ ਮੌਕੇ ਰਾਜ ਸਭਾ ਵਿੱਚ ਬੋਲਦਿਆਂ ਟਿੱਪਣੀ ਕੀਤੀ, ਅਭੀ ਏਕ ਫੈਸ਼ਨ ਹੋ ਗਿਆ ਹੈ-ਅੰਬੇਡਕਰ, ਅੰਬੇਡਕਰ, ਅੰਬੇਡਕਰ, ਅੰਬੇਡਕਰ, ਅੰਬੇਡਕਰ, ਅੰਬੇਡਕਰ। ਇਤਨਾ ਨਾਮ ਅਗਰ ਭਗਵਾਨ ਕਾ ਲੇਤੇ ਤੋ ਸਾਤ ਜਨਮੋਂ ਤਕ ਸਵਰਗ ਮਿਲ ਜਾਤਾ। ਡਾ. ਭੀਮ ਰਾਓ ਰਾਮਜੀ ਅੰਬੇਡਕਰ ਦਾ ਨਾਂਅ ਲੈਣ ਨੂੰ ਤੁੱਛ ਬਣਾਉਣਾ, ਜੋ ਸੰਵਿਧਾਨ ਅਤੇ ਨਿਆਂ ਉਪਰ ਚਰਚਾ ਦਾ ਕੇਂਦਰ ਹਨ, ਸਿਰਫ਼ ਅੰਬੇਡਕਰ ਦੀ ਵਿਰਾਸਤ ਲਈ ਹੀ ਨਹੀਂ, ਸਗੋਂ ਉਨ੍ਹਾ ਦਾ ਸਤਿਕਾਰ ਕਰਦੇ ਭਾਰਤ ਦੇ ਲੋਕਾਂ ਲਈ ਵੀ ਹਰਜਾ ਹੈ।

ਅਜਿਹੀ ਟਿੱਪਣੀ ਆਧੁਨਿਕ ਭਾਰਤ ਨੂੰ ਬਣਾਉਣ ਵਿਚ ਅੰਬੇਡਕਰ ਦੀ ਮਹੱਤਵਪੂਰਨ ਭੂਮਿਕਾ ਲਈ ਡੂੰਘੀ ਨਫ਼ਰਤ ਅਤੇ ਘਿਰਣਾ ਨੂੰ ਦਰਸਾਉਂਦੀ ਹੈ। ਸ਼ਾਹ ਦਾ ਇਹ ਦਾਅਵਾ ਖੋਖਲਾ ਹੈ ਕਿ ਉਨ੍ਹਾ ਦੇ ਬਿਆਨ ਨੂੰ ਕਾਂਗਰਸ ਨੇ ਤੋੜ-ਮਰੋੜ ਕੇ ਪੇਸ਼ ਕੀਤਾ ਹੈ- ਭਾਰਤੀ ਜਨਤਾ ਪਾਰਟੀ ਦੇ ਕਾਰਿਆਂ ਲਈ ਅਕਸਰ ਇਸੇ ਨੂੰ ਬਲੀ ਦਾ ਬੱਕਰਾ ਬਣਾਇਆ ਜਾਂਦਾ ਹੈ। ਇਸੇ ਤਰ੍ਹਾਂ ਕਾਂਗਰਸ ਨੂੰ ਅੰਬੇਡਕਰ ਵਿਰੋਧੀ, ਸੰਵਿਧਾਨ ਵਿਰੋਧੀ ਅਤੇ ਰਾਖਵਾਂਕਰਨ ਵਿਰੋਧੀ ਕਰਾਰ ਦੇਣ ਦਾ ਉਸ ਦਾ ਜਵਾਬੀ ਇਲਜ਼ਾਮ ਮੰਨਣਯੋਗ ਨਹੀਂ ਅਤੇ ਇਹ ਧਿਆਨ ਭਟਕਾਊ ਰਾਜਨੀਤਕ ਚਾਲ ਹੈ। ਕੁਝ ਵੀ ਇਸ ਪੱਖੋਂ ਤਸੱਲੀ ਨਹੀਂ ਕਰਵਾ ਸਕਦਾ ਕਿ ਸ਼ਾਹ ਵਰਗਾ ਇਕ ਹੰਢਿਆ ਹੋਇਆ ਯੁੱਧਨੀਤੀ ਘਾੜਾ ਭਾਰਤ ਦੇ ਸਾਢੇ ਬਾਈ ਕਰੋੜ ਦਲਿਤਾਂ ਨੂੰ ਅਲੱਗ-ਥਲੱਗ ਕਰਨ ਦਾ ਜੋਖਮ ਕਿਉਂ ਲਵੇਗਾ, ਜੋ ਅੰਬੇਡਕਰ ਨੂੰ ਆਪਣਾ ਪ੍ਰਮੁੱਖ ਚਿੰਨ੍ਹ ਮੰਨਦੇ ਹਨ।

ਇਸ ਦਾ ਜਵਾਬ ਅਣਜਾਣੇ 'ਚ ਅੰਬੇਡਕਰ ਪ੍ਰਤੀ ਸੰਘ ਦੀ ਵਿਚਾਰਧਾਰਕ ਨਫ਼ਰਤ ਪ੍ਰਗਟਾਉਣ 'ਚ ਪਿਆ ਹੈ। ਚੋਣ ਲਾਹੇ ਲਈ ਬਾਬਾ ਸਾਹਿਬ ਦੀ ਵਿਰਾਸਤ ਨੂੰ ਅਪਣਾਉਣ ਦੀਆਂ ਉਨ੍ਹਾਂ ਦੀਆਂ ਗਿਣੀਆਂ-ਮਿਥੀਆਂ ਕੋਸ਼ਿਸ਼ਾਂ ਦੇ ਬਾਵਜੂਦ ਅੰਬੇਡਕਰ ਦੇ ਸਮਾਨਤਾਵਾਦੀ ਦ੍ਰਿਸ਼ਟੀਕੋਣ ਅਤੇ ਰਾਸ਼ਟਰੀ ਸੋਇਮ ਸੇਵਕ ਸੰਘ-ਭਾਜਪਾ ਦੇ ਹਿੰਦੂਤਵ ਵਿਸ਼ਵ ਦ੍ਰਿਸ਼ਟੀਕੋਣ ਦਰਮਿਆਨ ਵਿਚਾਰਧਾਰਕ ਖਾਈ ਸਮਝੌਤਾ ਰਹਿਤ ਹੈ। ਸ਼ਾਹ ਦੀ ਟਿੱਪਣੀ ਅਣਜਾਣੇ 'ਚ ਉਨ੍ਹਾ ਦੇ ਅੰਦਰ ਦੱਬੀ ਪਈ ਵੈਰ-ਭਾਵਨਾ ਦਾ ਉਘੜਵਾਂ ਪ੍ਰਲਾਸਾ ਸੀ, ਜੋ ਅੰਬੇਡਕਰ ਦੀ ਜਾਤੀ ਅਤੇ ਹਿੰਦੂਤਵ ਦੀ ਆਲੋਚਨਾ ਦੇ ਵਿਰੁੱਧ ਸੰਘ ਦੇ ਬਹੁਤ ਸਾਰੇ ਲੋਕਾਂ ਦੇ ਅੰਦਰ ਪਈ ਹੈ। ਜੇਕਰ ਅੰਬੇਡਕਰ ਦਾ ਨਾਂਅ ਜਪਣਾ ਸੱਚਮੁੱਚ ਫੈਸ਼ਨ ਬਣ ਗਿਆ ਹੈ, ਜਿਵੇਂ ਕਿ ਸ਼ਾਹ ਨੇ ਦਾਅਵਾ ਕੀਤਾ ਹੈ, ਤਾਂ ਇਹ ਸਨਕ ਕਿਸੇ ਵੀ ਹੋਰ ਪਾਰਟੀ ਨਾਲੋਂ ਜ਼ਿਆਦਾ ਖ਼ੁਦ ਭਾਜਪਾ ਨੇ ਅਪਣਾਈ ਹੈ। ਉਨ੍ਹਾਂ ਦਾ ਅੰਬੇਡਕਰ ਦਾ ਜਾਪ ਇਕ ਚੋਣ ਜ਼ਰੂਰਤ ਹੈ, ਨਾ ਕਿ ਇਕ ਵਿਚਾਰਧਾਰਕ ਤਾਲਮੇਲ, ਜੋ ਉਨ੍ਹਾਂ ਵੱਲੋਂ ਰਾਜਨੀਤਕ ਦਬਦਬੇ ਲਈ ਦਲਿਤ ਵੋਟਾਂ ਨੂੰ ਮਹੱਤਵ ਦੇਣ ਤੋਂ ਪ੍ਰੇਰਿਤ ਹੈ। ਹਾਲਾਂਕਿ, ਅਜਿਹੀਆਂ ਭੁੱਲਾਂ ਅੰਬੇਡਕਰ ਪ੍ਰਤੀ ਉਨ੍ਹਾਂ ਦੀ ਕਥਿਤ ਸ਼ਰਧਾ ਦੇ ਕਮਜ਼ੋਰ ਮਖੌਟੇ ਨੂੰ ਬੇਨਕਾਬ ਕਰਦੀਆਂ ਹਨ ਅਤੇ ਦਲਿਤ ਭਾਈਚਾਰਿਆਂ ਪ੍ਰਤੀ ਭਾਜਪਾ ਦੀ ਸਾਵਧਾਨੀ ਨਾਲ ਤਿਆਰ ਕੀਤੀ ਪਹੁੰਚ ਨੂੰ ਬੇਅਸਰ ਬਣਾਉਣ ਦਾ ਜੋਖਮ ਲੈਂਦੀਆਂ ਹਨ।

ਸਮਝੌਤਾ ਰਹਿਤ ਵਿਰੋਧ

ਅੰਬੇਡਕਰ ਅਤੇ ਆਰ ਐੱਸ ਐੱਸ ਦਰਮਿਆਨ ਵਿਚਾਰਧਾਰਕ ਅਤੇ ਦਾਰਸ਼ਨਿਕ ਅੰਤਰ ਉਘੜਵੇਂ ਹਨ। ਇਨ੍ਹਾਂ ਵਿਚ ਜਾਤੀ, ਧਰਮ ਅਤੇ ਰਾਸ਼ਟਰਵਾਦ ਤੋਂ ਲੈ ਕੇ ਸੰਵਿਧਾਨਕ ਕਦਰਾਂ-ਕੀਮਤਾਂ ਤੱਕ ਦੇ ਕਈ ਖੇਤਰ ਸ਼ਾਮਲ ਹਨ। ਅੰਬੇਡਕਰ ਜਾਤੀ ਪ੍ਰਣਾਲੀ ਦੇ ਤਿੱਖੇ ਆਲੋਚਕ ਸਨ ਅਤੇ ਇਸ ਨੂੰ ਹਿੰਦੂ ਸਮਾਜ ਦੀ ਨਬਰਾਬਰੀ ਦੀ ਨੀਂਹ ਮੰਨਦੇ ਸਨ। ਉਨ੍ਹਾ ਇਸ ਦੇ ਮੁਕੰਮਲ ਖਾਤਮੇ ਦੀ ਵਕਾਲਤ ਕੀਤੀ ਅਤੇ ਹਿੰਦੂ ਰੂੜ੍ਹੀਵਾਦ ਨੂੰ ਰੱਦ ਕਰਨ ਲਈ ਬੁੱਧ ਧਰਮ ਨੂੰ ਅਪਣਾਇਆ। ਇਸ ਦੇ ਉਲਟ ਆਰ ਐੱਸ ਐੱਸ ਨੇ ਇਤਿਹਾਸਕ ਤੌਰ 'ਤੇ ਵਰਣ ਵਿਵਸਥਾ ਨੂੰ ਸਮਾਜ ਨੂੰ ਸੰਗਠਿਤ ਕਰਨ ਵਾਲੇ ਸਿਧਾਂਤ ਵਜੋਂ ਬੁਲੰਦ ਕੀਤਾ ਹੈ। ਆਪਣੀ ਪੁਸਤਕ 'ਬੰਚ ਆਫ਼ ਥਾਟਸ' ਵਿਚ ਐੱਮ ਐੱਸ ਗੋਲਵਲਕਰ ਨੇ ਪ੍ਰਾਚੀਨ ਹਿੰਦੂ ਸਮਾਜਿਕ ਢਾਂਚਿਆਂ ਨੂੰ ਵਡਿਆਇਆ, ਜਾਤੀ ਪ੍ਰਣਾਲੀ ਨੂੰ ਭਾਰਤ ਦੀ ਸੱਭਿਆਚਾਰਕ ਪਛਾਣ ਦਾ ਅਟੁੱਟ ਹਿੱਸਾ ਮੰਨਿਆ। ਅੰਬੇਡਕਰ ਨੇ ਤਾਂ ਜਾਤੀ ਨੂੰ ਤਬਾਹ ਕਰਨ ਦੀ ਕੋਸ਼ਿਸ਼ ਕੀਤੀ, ਜਦਕਿ ਆਰ ਐੱਸ ਐੱਸ ਇਸ ਨੂੰ ਤਬਾਹ ਨਹੀਂ ਕਰਦਾ, ਸਗੋਂ 'ਸੁਧਾਰ' ਕਰਕੇ ਬਰਕਰਾਰ ਰੱਖੇ ਜਾਣ ਵਾਲੀ ਵਿਸ਼ੇਸ਼ਤਾ ਦੇ ਰੂਪ ਵਿਚ ਵੇਖਦਾ ਹੈ।

ਅੰਬੇਡਕਰ ਨੇ ਹਿੰਦੂ ਰਾਸ਼ਟਰਵਾਦ ਨੂੰ ਰੱਦ ਕੀਤਾ, ਹਿੰਦੂ ਧਰਮ ਨੂੰ ਹਾਸ਼ੀਏ 'ਤੇ ਧੱਕੇ ਭਾਈਚਾਰਿਆਂ ਨਾਲ ਸੁਭਾਵਿਕ ਤੌਰ 'ਤੇ ਪੱਖਪਾਤ ਕਰਨ ਵਾਲਾ ਮੰਨਿਆ। ਉਹ ਇਕ ਸਮਾਵੇਸ਼ੀ, ਧਰਮ ਨਿਰਪੱਖ ਰਾਸ਼ਟਰ ਵਿਚ ਵਿਸ਼ਵਾਸ ਰੱਖਦੇ ਸਨ, ਜਿੱਥੇ ਸਾਰੇ ਧਰਮਾਂ ਨਾਲ ਬਰਾਬਰ ਦਾ ਵਿਹਾਰ ਕੀਤਾ ਜਾਣਾ ਸੀ। ਉਨ੍ਹਾ ਕਿਹਾ—ਹਿੰਦੂਆਂ ਦਾ ਇਹ ਦਾਅਵਾ ਕਿ ਭਾਰਤ ਉਨ੍ਹਾਂ ਦਾ ਦੇਸ਼ ਹੈ, ਮੰਨਣਯੋਗ ਨਹੀਂ. ਭਾਰਤ ਉਨ੍ਹਾਂ ਸਾਰੇ ਭਾਰਤੀਆਂ ਦਾ ਹੈ, ਜੋ ਇੱਥੇ ਰਹਿੰਦੇ ਹਨ। ਇਸ ਦੇ ਉਲਟ ਆਰ ਐੱਸ ਐੱਸ ਹਿੰਦੂ ਰਾਸ਼ਟਰ ਨੂੰ ਉਤਸ਼ਾਹਤ ਕਰਦਾ ਹੈ। ਭਾਰਤ ਦੀ ਇਕ ਹਿੰਦੂ ਰਾਸ਼ਟਰ ਦੇ ਰੂਪ ਵਿਚ ਦ੍ਰਿਸ਼ਟੀ, ਜਿਸ ਦੀ ਨੀਂਹ ਹਿੰਦੂ ਸੱਭਿਆਚਾਰ ਹੈ। ਇਹ ਦ੍ਰਿਸ਼ਟੀ ਘੱਟ ਗਿਣਤੀਆਂ ਅਤੇ ਦਲਿਤਾਂ ਨੂੰ ਬਾਹਰ ਰੱਖਦੀ ਹੈ, ਜੋ ਅਕਸਰ ਉਨ੍ਹਾਂ ਦੇ ਸੰਘਰਸ਼ਾਂ ਨੂੰ ਦਰਕਿਨਾਰ ਕਰਦੀ ਹੈ। ਅੰਬੇਡਕਰ ਨੇ ਦਲਿਤਾਂ ਦੀ ਬੁੱਧ ਧਰਮ ਵਿਚ ਵੱਡੇ ਪੱਧਰ 'ਤੇ ਧਰਮ-ਬਦਲੀ ਦੀ ਅਗਵਾਈ ਕੀਤੀ, ਹਿੰਦੂ ਧਰਮ ਨੂੰ ਇਕ ਐਸਾ ਧਰਮ ਦੱਸਿਆ, ਜੋ ਜਾਤਪਾਤੀ ਜ਼ੁਲਮਾਂ ਨੂੰ ਕਾਇਮ ਰੱਖਦਾ ਹੈ। ਉਨ੍ਹਾ ਦਾ ਪ੍ਰਸਿੱਧ ਕਥਨ ਹੈ—ਮੈਂ ਇਕ ਹਿੰਦੂ ਪੈਦਾ ਹੋਇਆ ਸੀ, ਪਰ ਮੈਂ ਇਕ ਹਿੰਦੂ ਦੇ ਰੂਪ ਵਿਚ ਨਹੀਂ ਮਰਾਂਗਾ। ਆਰ ਐੱਸ ਐੱਸ ਹਿੰਦੂ ਧਰਮ ਨੂੰ ਤਿਆਗ ਕੇ ਕਿਸੇ ਹੋਰ ਧਰਮ ਨੂੰ ਅਪਣਾਉਣ ਦਾ ਵਿਰੋਧ ਕਰਦਾ ਹੈ ਅਤੇ ਦਲਿਤਾਂ ਤੇ ਹੋਰਨਾਂ ਉੱਤੇ ਹਿੰਦੂ ਧਰਮ ਵਿਚ ਵਾਪਸ ਆਉਣ ਲਈ ਦਬਾਅ ਪਾਉਣ ਵਾਲੀਆਂ ਪੁਨਰ-ਪਰਿਵਰਤਨ ਮੁਹਿੰਮਾਂ (ਘਰ ਵਾਪਸੀ) ਵਿਚ ਜੁਟਿਆ ਹੋਇਆ ਹੈ। ਇਹ ਵਿਰੋਧ ਬਿਲਕੁਲ ਸਪੱਸ਼ਟ ਹੈ : ਅੰਬੇਡਕਰ ਵੱਲੋਂ ਬੁੱਧ ਧਰਮ ਨੂੰ ਮੁਕਤੀ ਵਜੋਂ ਅਪਣਾਉਣਾ ਬਨਾਮ ਆਰ ਐੱਸ ਐੱਸ ਵੱਲੋਂ ਦਲਿਤਾਂ ਨੂੰ ਹਿੰਦੂ ਭਾਈਚਾਰੇ ਦੇ ਅੰਦਰ ਹੀ ਰਹਿਣ 'ਤੇ ਜ਼ੋਰ ਦੇਣਾ।

ਭਾਰਤੀ ਸੰਵਿਧਾਨ ਦੇ ਪ੍ਰਮੁੱਖ ਨਿਰਮਾਤਾ ਵਜੋਂ ਅੰਬੇਡਕਰ ਨੇ ਵਿਅਕਤੀਗਤ ਅਧਿਕਾਰਾਂ, ਧਰਮ-ਨਿਰਪੱਖਤਾ ਅਤੇ ਸਮਾਜਿਕ ਨਿਆਂ ਦੀ ਵਕਾਲਤ ਕੀਤੀ। ਉਹ ਬਰਾਬਰੀ ਹਾਸਲ ਕਰਨ ਦੇ ਸਾਧਨ ਵਜੋਂ ਲੋਕਤੰਤਰ ਵਿਚ ਪੱਕਾ ਵਿਸ਼ਵਾਸ ਰੱਖਦੇ ਸਨ। ਦੂਜੇ ਪਾਸੇ ਆਰ ਐੱਸ ਐੱਸ ਨੇ ਸੰਵਿਧਾਨ ਪ੍ਰਤੀ ਦੋਗਲਾਪਣ ਦਿਖਾਇਆ ਹੈ, ਕਈ ਵਾਰ ਮਨੂਸਮ੍ਰਿਤੀ ਵਰਗੇ ਹਿੰਦੂ ਗ੍ਰੰਥਾਂ ਵੱਲ ਮੁੜਨ ਦੀ ਵਕਾਲਤ ਕੀਤੀ ਹੈ। ਗੋਲਵਲਕਰ ਨੇ ਪੱਛਮੀ ਤਰਜ਼ ਦੇ ਲੋਕਤੰਤਰ ਬਾਰੇ ਸ਼ੱਕ ਪ੍ਰਗਟ ਕੀਤਾ। ਅੰਬੇਡਕਰ ਦਾ ਸੰਵਿਧਾਨ ਵਿਚ ਤਬਦੀਲੀ ਦੇ ਸਾਧਨ ਦੇ ਰੂਪ ਵਿਚ ਭਰੋਸਾ ਬਨਾਮ ਆਰ ਐੱਸ ਐੱਸ ਦੀ ਇਕ ਸੱਭਿਆਚਾਰਕ-ਰਾਸ਼ਟਰਵਾਦੀ ਢਾਂਚੇ ਨੂੰ ਤਰਜੀਹ ਇਸ ਵਿਰੋਧ ਨੂੰ ਦਰਸਾਉਂਦੀ ਹੈ।

ਅੰਬੇਡਕਰ ਨੇ ਔਰਤਾਂ ਲਈ ਵਿਰਾਸਤ ਦੇ ਅਧਿਕਾਰਾਂ ਸਮੇਤ ਹਿੰਦੂ ਨਿੱਜੀ ਕਾਨੂੰਨਾਂ ਵਿਚ ਸੁਧਾਰ ਲਈ ਹਿੰਦੂ ਕੋਡ ਬਿੱਲ ਦਾ ਖਰੜਾ ਤਿਆਰ ਕਰਕੇ ਲਿੰਗਕ ਬਰਾਬਰੀ ਦੀ ਹਮਾਇਤ ਕੀਤੀ। ਉਨ੍ਹਾ ਕਿਹਾ—ਮੈਂ ਕਿਸੇ ਭਾਈਚਾਰੇ ਦੀ ਤਰੱਕੀ ਨੂੰ ਔਰਤਾਂ ਦੁਆਰਾ ਨਾਸਲ ਕੀਤੀ ਤਰੱਕੀ ਦੇ ਪੱਧਰ ਨਾਲ ਮਾਪਦਾ ਹਾਂ। ਇਸ ਦੇ ਉਲਟ ਔਰਤਾਂ ਬਾਰੇ ਆਰ ਐੱਸ ਐੱਸ ਦਾ ਨਜ਼ਰੀਆ ਦੇਖਭਾਲ ਕਰਨ ਵਾਲੀਆਂ ਅਤੇ ਮਾਵਾਂ ਵਜੋਂ ਰਵਾਇਤੀ ਭੂਮਿਕਾਵਾਂ ਵਿਚ ਨਿਹਿਤ ਹੈ, ਜੋ ਉਨ੍ਹਾਂ ਦੀ ਅਧੀਨਗੀ ਅਤੇ ਘਰੇਲੂ ਭੂਮਿਕਾ ਤੱਕ ਸਿਮਟੇ ਰਹਿਣ 'ਤੇ ਜ਼ੋਰ ਦਿੰਦਾ ਹੈ। ਅੰਬੇਡਕਰ ਦਾ ਜ਼ੋਰ ਲਿੰਗਕ ਬਰਾਬਰੀ ਉਪਰ ਹੈ, ਜਦਕਿ ਲਿੰਗ ਭੂਮਿਕਾਵਾਂ ਬਾਰੇ ਆਰ ਐੱਸ ਐੱਸ ਦਾ ਰੂੜ੍ਹੀਵਾਦੀ ਨਜ਼ਰੀਆ ਹੈ।

ਅੰਬੇਡਕਰ ਨੇ ਸਵੈ-ਮਾਣ, ਸਿੱਖਿਆ ਅਤੇ ਰਾਜਨੀਤਕ ਹੱਕ-ਜਤਾਈ ਦੀ ਵਕਾਲਤ ਕਰਦਿਆਂ ਦਲਿਤਾਂ ਨੂੰ ਇਕ ਵੱਖਰੀ ਰਾਜਨੀਤਕ ਅਤੇ ਸਮਾਜਿਕ ਪਛਾਣ ਦੇ ਰੂਪ 'ਚ ਦੇਖਿਆ। ਉਨ੍ਹਾ ਕਿਹਾ—ਰਾਜਨੀਤਕ ਸੱਤਾ ਕੁਲ ਸਮਾਜਿਕ ਤਰੱਕੀ ਦੀ ਕੁੰਜੀ ਹੈ। ਆਰ ਐੱਸ ਐੱਸ ਦਲਿਤਾਂ ਦੀ ਸੁਤੰਤਰ ਦਾਅਵੇਦਾਰੀ ਦੇ ਸੱਦਿਆਂ ਨੂੰ ਸੱਟ ਮਾਰਦਿਆਂ ਇਕ ਏਕੀਕ੍ਰਿਤ ਹਿੰਦੂ ਪਛਾਣ ਦੇ ਅੰਦਰ ਦਲਿਤ ਪਛਾਣ ਨੂੰ ਸ਼ਾਮਲ ਕਰਨਾ ਚਾਹੁੰਦਾ ਹੈ। ਵਿਰੋਧ ਬਿਲਕੁਲ ਸਪੱਸ਼ਟ ਹੈ : ਅੰਬੇਡਕਰ ਦਾ ਜ਼ੋਰ ਦਲਿਤਾਂ ਦੇ ਸਸ਼ਕਤੀਕਰਨ ਉਪਰ ਹੈ, ਆਰ ਐੱਸ ਐੱਸ ਦੀ ਕੋਸ਼ਿਸ਼ ਹਿੰਦੂ ਰਾਸ਼ਟਰਵਾਦ ਦੇ ਅੰਦਰ ਦਲਿਤ ਪਛਾਣ ਨੂੰ ਪੋਤਲਾ ਪਾਉਣ ਦੀ ਹੈ।

ਇਹ ਮਸ਼ਹੂਰ ਹੈ ਕਿ ਦਲਿਤ ਚਿੰਨ੍ਹ ਅੰਬੇਡਕਰ ਨੇ ਜਾਤੀ ਅਧਾਰਤ ਦਾਬੇ ਦੀ ਨੀਂਹ ਵਜੋਂ ਮਨੂਸਮ੍ਰਿਤੀ ਦੀ ਨਿੰਦਾ ਕਰਦਿਆਂ ਇਸ ਨੂੰ ਸਾੜਿਆ। ਉਨ੍ਹਾ ਕਿਹਾ—ਮਨੂਸਮ੍ਰਿਤੀ ਅਨਿਆਂ ਅਤੇ ਨਬਰਾਬਰੀ ਦਾ ਚਿੰਨ੍ਹ ਹੈ। ਆਰ ਐੱਸ ਐੱਸ ਪ੍ਰਾਚੀਨ ਹਿੰਦੂ ਗ੍ਰੰਥ ਵਜੋਂ ਮਨੂਸਮ੍ਰਿਤੀ ਦੀ ਮਹਿਮਾ ਗਾਉਂਦਾ ਹੈ, ਕਈ ਵਾਰ ਤਾਂ ਇਹ ਸਮਾਜ ਨੂੰ ਸੰਗਠਤ ਕਰਨ ਲਈ ਇਸ ਦੇ ਮਾਰਗ-ਦਰਸ਼ਨ ਦੀ ਪ੍ਰਸੰਸਾ ਕਰਦਾ ਹੈ।

ਅੰਬੇਡਕਰ ਰਾਜ ਦੀ ਅਗਵਾਈ ਵਾਲੀ ਆਰਥਕ ਮੁੜ ਵੰਡ ਦੇ ਹਮਾਇਤੀ ਸਨ ਅਤੇ ਹਾਸ਼ੀਏ 'ਤੇ ਧੱਕੇ ਭਾਈਚਾਰਿਆਂ ਨੂੰ ਉੱਚਾ ਚੁੱਕਣ ਦੀਆਂ ਨੀਤੀਆਂ ਵਿਚ ਵਿਸ਼ਵਾਸ ਰੱਖਦੇ ਸਨ। ਉਨ੍ਹਾ ਕਿਹਾ—ਆਰਥਕ ਅਤੇ ਸਮਾਜਿਕ ਸੁਤੰਤਰਤਾ ਤੋਂ ਬਿਨਾਂ ਰਾਜਨੀਤਕ ਸੁਤੰਤਰਤਾ ਕੋਈ ਮਾਇਨੇ ਨਹੀਂ ਰੱਖਦੀ। ਆਰ ਐੱਸ ਐੱਸ ਦਾ ਝੁਕਾਅ ਖੁੱਲ੍ਹੀ ਮੰਡੀ ਦੀਆਂ ਨੀਤੀਆਂ ਵੱਲ ਹੈ, ਜੋ ਰਵਾਇਤੀ ਦਰਜਾਬੰਦੀ ਨੂੰ ਤਰਜੀਹ ਦਿੰਦੀਆਂ ਹਨ, ਇਹ ਅਕਸਰ ਅੰਬੇਡਕਰ ਦੇ ਆਰਥਕ ਮੁੜ ਵੰਡ ਦੇ ਨਿਆਂਕਾਰੀ ਨਜ਼ਰੀਏ ਨੂੰ ਦਰਕਿਨਾਰ ਕਰਦੀਆਂ ਹਨ। ਅੰਬੇਡਕਰ ਦੇ ਸਮਾਜਵਾਦੀ ਆਦਰਸ਼ਾਂ ਬਨਾਮ ਆਰ ਐੱਸ ਐੱਸ ਦੀ ਰਵਾਇਤੀ ਆਰਥਕ ਢਾਂਚੇ ਨੂੰ ਤਰਜੀਹ ਦਰਮਿਆਨ ਵਿਰੋਧ ਸਪੱਸ਼ਟ ਹੈ।

ਅੰਬੇਡਕਰ ਦੇ ਮੁਕਤੀ ਦੇ ਫ਼ਲਸਫ਼ੇ ਦੇ ਕੇਂਦਰ ਵਿਚ ਸਿੱਖਿਆ ਸੀ। ਉਨ੍ਹਾ ਦਲਿਤਾਂ ਨੂੰ ਪੜ੍ਹੋ, ਸੰਘਰਸ਼ ਕਰੋ, ਜਥੇਬੰਦ ਹੋਵੋ ਦੀ ਤਾਕੀਦ ਕੀਤੀ, ਦੂਜੇ ਪਾਸੇ ਆਰ ਐੱਸ ਐੱਸ, ਜਿਸ ਸਿੱਖਿਆ ਨੂੰ ਉਤਸ਼ਾਹਤ ਕਰਦਾ ਹੈ, ਉਸ ਦੀਆਂ ਜੜ੍ਹਾਂ ਹਿੰਦੂ ਪਰੰਪਰਾਵਾਂ ਵਿਚ ਹਨ, ਅਕਸਰ ਇਹ ਪਾਠਕ੍ਰਮ ਵਿਚ ਆਲੋਚਨਾਤਮਕ ਜਾਤੀ ਚਰਚਾ ਨੂੰ ਲਾਂਭੇ ਕਰ ਦਿੰਦਾ ਹੈ। ਸਿੱਖਿਆ ਪ੍ਰਤੀ ਅੰਬੇਡਕਰ ਦੀ ਧਰਮ ਨਿਰਪੱਖ, ਸਮਾਨਤਾਵਾਦੀ ਪਹੁੰਚ ਸਿੱਧੇ ਤੌਰ 'ਤੇ ਆਰ ਐੱਸ ਐੱਸ ਦੀ ਧਾਰਮਿਕ ਅਤੇ ਰਾਸ਼ਟਰਵਾਦੀ ਪਹੁੰਚ ਦੇ ਉਲਟ ਹੈ।

ਇਹ ਵਿਰੋਧ ਅੰਬੇਡਕਰਵਾਦੀ ਵਿਚਾਰਾਂ ਅਤੇ ਆਰ ਐੱਸ ਐੱਸ ਦੀ ਹਿੰਦੂਤਵ ਵਿਚਾਰਧਾਰਾ ਦਰਮਿਆਨ ਬੁਨਿਆਦੀ ਬੇਮੇਲਤਾ ਨੂੰ ਉਜਾਗਰ ਕਰਦੇ ਹਨ, ਜਿਸ ਤੋਂ ਰਾਜਨੀਤਕ ਲਾਭ ਲੈਣ ਲਈ ਅੰਬੇਡਕਰ ਦੀ ਵਿਰਾਸਤ ਨੂੰ ਹਥਿਆਉਣ ਦੇ ਮੌਕਾਪ੍ਰਸਤ ਸੁਭਾਅ ਦਾ ਪਰਦਾ ਫਾਸ਼ ਹੁੰਦਾ ਹੈ।

ਅੰਬੇਡਕਰ ਨੂੰ ਆਪਣੇ ਵਿਚ ਰਲਾਉਣ ਦਾ ਇਤਿਹਾਸ

ਅੰਬੇਡਕਰ ਨੇ ਹਿੰਦੂ ਰਾਸ਼ਟਰਵਾਦ ਨੂੰ ਰੱਦ ਕੀਤਾ, ਹਿੰਦੂ ਧਰਮ ਨੂੰ ਹਾਸ਼ੀਏ 'ਤੇ ਧੱਕੇ ਭਾਈਚਾਰਿਆਂ ਪ੍ਰਤੀ ਵਜੂਦ-ਸਮੇਟੇ ਪੱਖਪਾਤਾਂ ਵਾਲਾ ਧਰਮ ਮੰਨਿਆ। ਉਹ ਇਕ ਸਮਾਵੇਸ਼ੀ, ਧਰਮ ਨਿਰਪੱਖ ਰਾਸ਼ਟਰ ਵਿਚ ਵਿਸ਼ਵਾਸ ਰੱਖਦੇ ਸਨ, ਜਿੱਥੇ ਸਾਰੇ ਧਰਮਾਂ ਨਾਲ ਬਰਾਬਰ ਦਾ ਵਿਹਾਰ ਕੀਤਾ ਜਾਣਾ ਸੀ।

ਇਨ੍ਹਾਂ ਬੁਨਿਆਦੀ ਵਿਰੋਧਾਂ ਦੇ ਮੱਦੇਨਜ਼ਰ ਆਰ ਐੱਸ ਐੱਸ ਨੇ ਆਪਣੇ ਸ਼ੁਰੂਆਤੀ ਸਾਲਾਂ ਦੌਰਾਨ ਅੰਬੇਡਕਰ ਅਤੇ ਉਨ੍ਹਾ ਦੇ ਅੰਦੋਲਨ ਨੂੰ ਬਹੁਤ ਹੱਦ ਤੱਕ ਨਜ਼ਰਅੰਦਾਜ਼ ਕੀਤਾ। ਇਸ ਪਹੁੰਚ ਵਿਚ ਇਕ

23-Feb-Sunday.qxd 2/22/2025 11:22 PM Page 5

ਸਰਮਾਏ ਦੀ ਸਰਪ੍ਰਸਤੀ ਵਾਲੇ ਲਾਕਰ ਮੂਹਰਾ ਬੌਣਾ ਬਣਿਆ ਸੰਸਾਰ ਦਾ ਸਭ ਤੋਂ ਵੱਡਾ ਲੋਕਤੰਤਰ

ਦ੍ਰਿਸ਼ਟੀਕੋਣ

ਜਤਿੰਦਰ ਪਨੂੰ

ਭਾਰਤ ਦਾ ਲੋਕਤੰਤਰ ਦੁਨੀਆ ਭਰ ਵਿੱਚ ਸਲਾਹਿਆ ਜਾਣ ਦੀਆਂ ਗੱਲਾਂ ਕਈ ਵਾਰ ਸੁਣੀਆਂ ਹਨ ਤੇ ਪਤਾ ਨਹੀਂ ਇਹ ਕਿੰਨੀ ਵਾਰ ਹੋਰ ਸੁਣੀਆਂ ਜਾਣਗੀਆਂ ਜਾਂ ਕਹੋ ਕਿ ਸਾਨੂੰ ਸੁਣਨੀਆਂ ਪੈਣਗੀਆਂ, ਪਰ ਇਸ ਦੀ ਅੰਦਰੂਨੀ ਹਾਲਤ ਦੀ ਚਰਚਾ ਬਹੁਤੀ ਨਹੀਂ ਹੁੰਦੀ। ਇਸ ਦੀਆਂ ਨੀਹਾਂ ਵਿੱਚ ਏਨੀ ਤਾਕਤ ਨਹੀਂ ਜਾਪਦੀ ਕਿ ਬਹੁਤਾ ਚਿਰ ਇਸ ਦਾ ਭਾਰ ਝੱਲਦਾ ਰਹਿ ਸਕੇ ਅਤੇ ਇਸ ਤੋਂ ਮਾੜੀ ਗੱਲ ਅਗਲੀ ਹੈ ਕਿ ਇਸ ਸਥਿਤੀ ਦਾ ਕੋਈ ਤੋੜ ਵੀ ਨਹੀਂ ਦਿੱਸਦਾ। ਭਾਰਤ ਵਿੱਚ ਉਨ੍ਹਾਂ ਸਿਆਣਿਆਂ ਦੀ ਕਮੀ ਨਹੀਂ, ਜਿਹੜੇ ਦੁਨੀਆ ਭਰ ਦੇ ਦੇਸ਼ਾਂ ਵਿਚਲੇ ਲੋਕਤੰਤਰਾਂ ਦੀਆਂ ਸਾਰੀਆਂ ਤਹਿਆਂ ਫੋਲ ਕੇ ਅੰਦਰ ਦਾ ਸੱਚ ਅਤੇ ਮੈਦਾਨੀ ਹਕੀਕਤਾਂ ਦਾ ਖੁਲਾਸਾ ਚੁਟਕੀਆਂ ਵਿੱਚ ਕਰ ਸਕਦੇ ਹਨ। ਉਹ ਵਿਕਸਤ ਦੇਸ਼ਾਂ ਦੀ ਰਾਜਨੀਤੀ ਦਾ ਕੱਚ-ਸੱਚ ਵੀ ਜਾਣਦੇ ਹਨ ਅਤੇ ਕਬੀਲਿਆਂ ਦੇ ਯੁੱਗ ਵਰਗੀ ਸਥਿਤੀ ਵਿੱਚ ਹਾਲੇ ਤੱਕ ਫਸੇ ਹੋਏ ਦੇਸ਼ਾਂ ਅਤੇ ਕੌਮਾਂ ਬਾਰੇ ਵੀ ਉਨ੍ਹਾਂ ਤੋਂ ਕੁਝ ਛੁਪਿਆ ਹੋਇਆ ਨਹੀਂ। ਏਨੇ ਸਿਆਣੇ ਸਿਰਾਂ ਦੀ ਬਹੁਤਾਤ ਵਾਲੇ ਭਾਰਤੀ ਲੋਕਤੰਤਰ ਦੇ ਅੰਦਰ ਜਿੰਨਾ ਕੁਝ ਵੇਖਿਆ ਤੇ ਵਿਗੜਨ ਤੋਂ ਰੋਕਣ ਦੀ ਲੋੜ ਹੈ, ਉਸ ਦੀ ਨਾ ਕਦੀ ਕੋਈ ਖਾਸ ਨੀਝ ਨਾਲ ਪੜਚੋਲ ਦਾ ਸੰਜੀਦਾ ਯਤਨ ਹੁੰਦਾ ਜਾਪਦਾ ਹੈ ਤੇ ਨਾ ਇਸ ਲੋੜ ਨੂੰ ਅੱਖੋਂ-ਪਰੋਖੇ ਕਰਨ ਦਾ ਲੋਕ ਬੁਰਾ ਹੀ ਮਨਾਉਂਦੇ ਜਾਪਦੇ ਹਨ।

ਦੁਨੀਆ ਭਰ ਦੇ ਲੋਕਤੰਤਰਾਂ ਦੀ ਜਿੰਨੀ ਕੁ ਜਾਣਕਾਰੀ ਇਨ੍ਹਾਂ ਸਤਰਾਂ ਦਾ ਲੇਖਕ ਹਾਸਲ ਕਰ ਸਕਿਆ ਤੇ ਜਿੱਦਾਂ ਦੇ ਹਾਲਾਤ ਅਤੇ ਅਸੂਲਾਂ ਦੀ ਪਾਲਣਾ ਵੱਲ ਸੰਜੀਦਗੀ ਵਿਖਾਈ ਜਾਂਦੀ ਸਮਝ ਪਈ, ਭਾਰਤ ਵਿੱਚ ਉਸ ਦਾ ਅੰਦਾਜ਼ਾ ਵੀ ਨਹੀਂ ਲਾਇਆ ਜਾ ਸਕਦਾ। ਅਸੀਂ ਲੋਕ ਉਸ ਖੂਹ ਦੇ ਡੱਡੂ ਵਾਂਗ ਹੋ ਚੁੱਕੇ ਹਾਂ, ਜਿਹੜਾ ਖੂਹ ਨੂੰ ਸਾਰੇ ਸੰਸਾਰ ਦਾ ਸਿਖਰ ਮੰਨਣ ਲੱਗ ਜਾਂਦਾ ਹੈ। ਇੱਕ ਵਾਰੀ ਸਫਰ ਦੌਰਾਨ ਕੁਝ ਲੋਕਾਂ ਨਾਲ ਇਹ ਗੱਲ ਚੱਲ ਪਈ ਕਿ ਵਿਕਸਤ ਦੇਸ਼ਾਂ ਵਿੱਚ ਆਵਾਜਾਈ ਸੁਚਾਰੂ ਰੂਪ ਨਾਲ ਚਲਾਉਣ ਅਤੇ ਨਾਗਰਿਕਾਂ ਲਈ ਸਹੂਲਤਾਂ ਦੇਣ ਦੇ ਬਹੁਤ ਪ੍ਰਬੰਧ ਹੋਏ ਮਿਲਦੇ ਹਨ। ਸਾਡੇ ਨਾਲ ਬੈਠੀ ਇੱਕ ਕੁੜੀ ਨੇ ਕਿਹਾ ਕਿ ਉਹ ਚੰਡੀਗੜ੍ਹ ਦੀ ਜੰਮਪਲ਼ ਹੈ ਅਤੇ ਇਹ ਗੱਲ ਮਾਣ ਨਾਲ ਕਹਿਣ ਦੀ ਹਿੰਮਤ ਰੱਖਦੀ ਹੈ ਕਿ ਦੁਨੀਆ ਦਾ ਸਭ ਤੋਂ ਸੋਹਣਾ ਪ੍ਰਬੰਧ ਉਸ ਦੇ ਸ਼ਹਿਰ ਵਿੱਚ ਹੈ, ਏਸੇ ਲਈ ਹਰ ਕੋਈ ਇਸ ਦੀ ਗੱਲ ਕਰਦੇ ਵਕਤ 'ਸਿਟੀ ਬਿਊਟੀਫੁਲ' ਕਹਿਣ ਨੂੰ ਗਲਤ ਨਹੀਂ ਮੰਨਦਾ। ਅਸੀਂ ਉਸ ਨੂੰ ਕੁਝ ਗੱਲਾਂ ਵਿਕਸਤ ਦੇਸ਼ਾਂ ਬਾਰੇ ਦੱਸੀਆਂ ਅਤੇ ਯੂਟਿਊਬ ਉੱਤੇ ਉਨ੍ਹਾਂ ਦੇ ਸ਼ਹਿਰਾਂ ਦੀਆਂ ਵੀਡੀਉ ਵੇਖਣ ਲਈ ਕਿਹਾ। ਸਾਡਾ ਫੋਨ ਨੰਬਰ ਲੈ ਕੇ ਚਲੀ ਗਈ ਉਸ ਕੁੜੀ ਨੇ ਦੋ ਦਿਨਾਂ ਬਾਅਦ ਫੋਨ ਕਰ ਕੇ ਆਖਿਆ ਕਿ ਅਸੀਂ ਇਹ ਕੁਝ ਸੋਚ ਵੀ ਨਹੀਂ ਸਕਦੇ ਕਿ ਸਾਨੂੰ ਵਿਕਸਤ ਦੇਸ਼ਾਂ ਦੀ ਖੂਬਸੂਰਤੀ ਦੇ ਨਾਂਅ ਉੱਤੇ ਬੇਵਕੂਫ ਬਣਾਇਆ ਜਾਂਦਾ ਹੈ ਅਤੇ ਜਿਹੜੀ ਹਕੀਕਤ ਦੁਨੀਆ ਭਰ ਦੇ ਵਿਕਸਤ ਦੇਸ਼ਾਂ ਕੋਲ ਮੌਜੂਦ ਹੈ, ਉਸ ਦਾ ਸਾਡੇ ਕੋਲ ਕੋਈ ਅੰਸ਼ ਵੀ ਨਹੀਂ ਲੱਭਦਾ। ਅਗਲਾ ਫੋਨ ਉਸ ਨੇ ਕੁਝ ਦਿਨ ਬਾਅਦ ਓਦੋਂ ਕਰਨਾ ਠੀਕ ਸਮਝਿਆ ਸੀ, ਜਦੋਂ ਦੁਨੀਆ ਤਾਂ ਕੀ, ਆਪਣੇ ਦੇਸ਼ ਭਾਰਤ ਦੇ ਖੂਬਸੂਰਤ ਤੇ ਸਾਫ-ਸੁਥਰੇ ਸ਼ਹਿਰਾਂ ਦੀ ਲਿਸਟ ਵਿੱਚ ਵੀ ਉਸ ਦੇ 'ਸਿਟੀ ਬਿਊਟੀਫੁਲ' ਦਾ ਨਾਂਅ ਪੰਜਵੇਂ ਥਾਂ ਹੋਣ ਦੀ ਖਬਰ ਆਈ ਸੀ ਅਤੇ ਚਾਰ ਸ਼ਹਿਰ ਉਸ ਤੋਂ ਅੱਗੇ ਦਰਜ ਸਨ।

ਜਿਨ੍ਹਾਂ ਦੇਸ਼ਾਂ ਵਿੱਚ ਸਹੀ ਅਰਥਾਂ ਵਿੱਚ ਲੋਕਤੰਤਰ ਹੈ, ਉਨ੍ਹਾਂ ਵਿੱਚ ਸਾਡੇ ਨਾਲੋਂ ਵੱਖਰਾ ਵਿਹਾਰ ਰਾਜਨੀਤੀ ਕਰਨ ਵਾਲਿਆਂ ਦਾ ਵੀ ਹੁੰਦਾ ਹੈ, ਸਗੋਂ ਹੋਰ ਸਾਰੇ ਲੋਕਾਂ ਤੋਂ ਪਹਿਲਾਂ ਹੁੰਦਾ ਹੈ। ਕੈਨੇਡਾ ਦੇ ਇੱਕ ਸੂਬੇ ਦੇ ਸਿੱਖਿਆ ਮੰਤਰੀ ਦੇ ਬੱਚੇ ਸਰਕਾਰੀ ਦੀ ਥਾਂ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਨ ਦੀ ਖਬਰ ਆਈ ਤਾਂ ਉਸ ਨੂੰ ਅਹੁਦਾ ਛੱਡਣਾ ਪਿਆ ਸੀ। ਕੋਵਿਡ ਮਹਾਂਮਾਰੀ ਦੇ ਦਿਨਾਂ ਵਿੱਚ ਇਹੋ ਜਿਹੇ ਇੱਕ ਵਿਕਸਤ ਦੇਸ਼ ਦਾ ਇੱਕ ਮੰਤਰੀ ਕੁਝ ਦੋਸਤਾਂ ਨਾਲ ਸਮੁੰਦਰੀ ਕੰਢੇ ਦੇ ਕਿਸੇ ਸੈਰ-ਸਪਾਟਾ ਅਸਥਾਨ ਦਾ ਕੁਝ ਪਲਾਂ ਲਈ ਗੇੜਾ ਮਾਰਨ ਚਲਾ ਗਿਆ ਤਾਂ ਉਸ ਨੂੰ ਕੁਰਸੀ ਛੱਡਣੀ ਪਈ ਸੀ। ਲੋਕਤੰਤਰ ਦੇ ਇਹੋ ਜਿਹੇ ਅਰਥ ਅਸੀਂ ਲੋਕ ਭਾਰਤ ਵਿੱਚ ਕਦੇ ਮਹਿਸੂਸ ਵੀ ਨਹੀਂ ਕਰ ਸਕਦੇ ਅਤੇ ਸਾਡੇ ਕਿਸੇ ਲੀਡਰ ਨੇ ਲੋਕਾਂ ਦੇ ਮਨਾਂ ਵਿੱਚ ਵਿਸ਼ਵਾਸ ਕਾਇਮ ਰੱਖਣ ਲਈ ਏਦਾਂ ਦੀ ਕੁਝ ਲੋੜ ਵੀ ਨਹੀਂ ਸਮਝੀ। ਆਪਣੇ ਆਪ ਨੂੰ ਨਿਯਮਾਂ-ਕਾਨੂੰਨਾਂ ਤੋਂ ਉੱਪਰ ਮੰਨਣ ਦਾ ਪ੍ਰਭਾਵ ਦੇਣ ਵਾਲੇ ਡੋਨਾਲਡ ਟਰੰਪ ਦੀ ਗੱਲ ਵੱਖਰੀ ਹੈ, ਵਰਨਾ ਬਹੁਤ ਸਾਰੇ ਵਿਕਸਤ ਦੇਸ਼ਾਂ ਦੀ ਕਿਸੇ ਸਰਕਾਰ ਦੇ ਕਿਸੇ ਵੀ ਅਗਵਾਨੂੰ ਉੱਤੇ ਏਦਾਂ ਦੇ ਦੋਸ਼ ਲੱਗਣ ਤਾਂ ਅਹੁਦਾ ਛੱਡ ਕੇ ਤੁਰ ਜਾਂਦੇ ਰਹੇ ਹਨ। ਉਨ੍ਹਾਂ ਦੀ ਪਾਰਟੀ ਉਨ੍ਹਾਂ ਦੀਆਂ ਗਲਤੀਆਂ ਤੇ ਗੁਨਾਹਾਂ ਦਾ ਭਾਰ ਆਪਣੇ ਸਿਰ ਲੈਣ ਲਈ ਕਦੀ ਤਿਆਰ ਨਹੀਂ ਹੋਈ। ਸਿਰਫ ਇਹ ਹੀ ਨਹੀਂ, ਉਨ੍ਹਾਂ ਦੇਸ਼ਾਂ ਵਿੱਚ ਜਦੋਂ ਕਦੀ ਚੋਣਾਂ ਵਿੱਚ ਕਿਸੇ ਪਾਰਟੀ ਦੀ ਲੱਕ ਤੋੜਵੀਂ ਹਾਰ ਹੋਈ ਤਾਂ ਉਸ ਆਗੂ ਨੂੰ ਲੋਕਾਂ ਵੱਲੋਂ ਰੱਦ ਕੀਤਾ ਗਿਆ ਮੰਨ ਕੇ ਕਈ ਆਗੂਆਂ ਨੂੰ ਰਾਜਨੀਤੀ ਤੋਂ ਕਿਨਾਰਾ ਕਰਦੇ ਵੀ ਬਹੁਤ ਵਾਰੀ ਵੇਖਿਆ ਗਿਆ ਹੈ।

ਭਾਰਤ ਵਿੱਚ ਏਦਾਂ ਕਰਨਾ ਤਾਂ ਦੂਰ, ਏਦਾਂ ਦੀ ਸੋਚ ਵੀ ਮਨ ਵਿੱਚ ਲਿਆਉਣ ਦੀ ਕਿਸੇ ਆਗੂ ਨੂੰ ਲੋੜ ਮਹਿਸੂਸ ਨਹੀਂ ਕਰਨੀ ਪੈਂਦੀ। ਕਦੀ ਇਸ ਦੇਸ਼ ਵਿੱਚ ਸੱਤਾ ਦੇ ਸਿਖਰ ਉੱਤੇ ਹੋਣ ਦਾ ਸਤਿਕਾਰ ਮਾਣਦੀ ਰਹੀ ਕਾਂਗਰਸ ਪਾਰਟੀ ਦੀ ਪਿਛਲੀਆਂ ਕਈ ਵਾਰੀਆਂ ਵਿੱਚ ਬਹੁਤ ਬੁਰੀ ਹਾਲਤ ਹੋਣ ਦੇ ਬਾਵਜੂਦ ਉਸ ਦੀ ਅਗਵਾਈ ਕਰਨ ਵਾਲਾ ਇੱਕੋ ਪਰਵਾਰ ਹੀ ਉਸ ਦੀ ਕਮਾਨ ਸਾਂਭੀ ਬੈਠਾ ਹੈ, ਉਨ੍ਹਾਂ ਨੂੰ ਹਾਰ ਦੀ ਜ਼ਿੰਮੇਵਾਰੀ ਆਪਣੀ ਝੋਲੀ ਪਵਾ ਕੇ ਪਾਸੇ ਹਟਣ ਨੂੰ ਕਹਿ ਦੇਣ ਦੀ ਥਾਂ ਉਲਟਾ ਇਹ ਪ੍ਰਚਾਰ ਕੀਤਾ ਜਾਂਦਾ ਹੈ ਕਿ 'ਪਾਰਟੀ ਲਈ ਵੋਟ ਕੈਚਰ ਉਹੀ ਪਰਵਾਰ ਹੈ।' ਵੋਟ-ਕੈਚਰ ਦਾ ਭਾਵ ਕਿ ਵੋਟਾਂ ਹੂੰਝ ਕੇ ਲਿਆ ਸਕਣ ਵਾਲਾ ਪਰਵਾਰ ਜਾਂ ਆਗੂ ਸਿਰਫ ਇਸ ਪਾਰਟੀ ਤੱਕ ਸੀਮਤ ਨਹੀਂ, ਹੋਰ ਵੀ ਕਈਆਂ ਧਿਰਾਂ ਵਿੱਚ ਅਗਵਾਈ ਵਾਲੀ ਕੁਰਸੀ ਉੱਤੇ ਕਬਜ਼ਾ ਜਮਾਉਣ ਵਾਲੇ ਪੱਕੇ ਆਗੂ ਬੈਠੇ ਹਨ। ਜਦੋਂ ਪਤਾ ਹੈ ਕਿ ਚੁਣੌਤੀ ਦੇਣ ਦੀ ਜੁਰਅਤ ਹੀ ਕਿਸੇ ਦੀ ਨਹੀਂ ਤੇ ਚਾਪਲੂਸਾਂ ਦੇ ਆਸਰੇ ਰਾਜਨੀਤੀ ਚੱਲਦੀ ਜਾਣੀ ਹੈ ਤਾਂ ਸਭ ਠੀਕ ਹੀ ਹੈ।

ਬਹੁਜਨ ਸਮਾਜ ਪਾਰਟੀ ਦੀ ਕਿਸੇ ਵਕਤ ਚੜ੍ਹਤ ਹੋਇਆ ਕਰਦੀ ਸੀ। ਉਸ ਦੀ ਮੁਖੀ ਬੀਬੀ ਮਾਇਆਵਤੀ ਭਾਰਤ ਦੀ ਕੇਂਦਰ ਦੀ ਸੱਤਾ ਦੇ ਅਗਵਾਨੂੰ ਬਾਰੇ ਫੈਸਲਾ ਕਰਨ ਵਿੱਚ ਇੱਕ ਧੜੱਲੇਦਾਰ ਧਿਰ ਸਮਝੀ ਜਾਂਦੀ ਸੀ, ਅੱਜ ਉਹ ਕਿਸੇ ਖਾਸ ਲੇਖੇ ਵਿੱਚ ਗਿਣੀ ਜਾਣ ਜੋਗੀ ਨਹੀਂ, ਪਰ ਪਾਰਟੀ ਦੀ ਮੁਖੀ ਅੱਗੇ ਚੁਣੌਤੀ ਕੋਈ ਨਹੀਂ। ਜਿੰਨੀ ਤੇ ਜਿਹੋ ਜਿਹੀ ਪਾਰਟੀ ਹੈ, ਇਸ ਦੀ ਅਗਵਾਈ ਉਸੇ ਬੀਬੀ ਦੇ ਹੱਥ ਹੈ ਤੇ ਅੱਗੋਂ ਉਸ ਬੀਬੀ ਦੇ ਪਰਵਾਰ ਦੇ ਕਿਸੇ ਜੀਅ ਨੂੰ ਸੌਂਪੀ ਜਾਣੀ ਸੰਭਵ ਹੈ, ਕਿਉਂਕਿ ਪਾਰਟੀ ਦਾ ਆਧਾਰ ਉਨ੍ਹਾਂ ਕੋਲ ਬਹੁਤਾ ਹੋਵੇ ਜਾਂ ਥੋੜ੍ਹਾ, ਪਾਰਟੀ ਚਲਾਉਣ ਜੋਗੇ ਸਰੋਤ ਸਿਰਫ ਉਨ੍ਹਾਂ ਕੋਲ ਹਨ, ਪਾਰਟੀ ਦੇ ਕਿਸੇ ਵੀ ਹੋਰ ਆਗੂ ਕੋਲ ਕੱਖ ਨਹੀਂ। ਸਾਰੇ ਸਰੋਤਾਂ ਉੱਤੇ ਏਦਾਂ ਦੀ ਜਕੜ ਕਾਂਗਰਸ ਹਾਈ ਕਮਾਂਡ ਕੋਲ ਹੋਣ ਕਾਰਨ ਉਨ੍ਹਾਂ ਦਾ ਕਬਜ਼ਾ ਮੰਨਿਆ ਜਾਂਦਾ ਹੈ ਅਤੇ ਵੱਡੇ ਕਾਰਪੋਰੇਟ ਘਰਾਣਿਆਂ ਨਾਲ ਅੱਖ ਦੀ ਸੈਨਤ ਵਰਗਾ ਜਿੰਨਾ ਸੰਪਰਕ ਉਨ੍ਹਾਂ ਦਾ ਹੈ, ਹੋਰ ਕਿਸੇ ਦਾ ਕਦੀ ਬਣਨ ਹੀ ਨਹੀਂ ਸੀ ਦਿੱਤਾ ਗਿਆ ਤੇ ਅੱਗੋਂ ਬਣਨਾ ਵੀ ਕਦੇ ਨਹੀਂ।

ਭਾਰਤੀ ਜਨਤਾ ਪਾਰਟੀ ਸਿਧਾਂਤ ਉੱਤੇ ਆਧਾਰਤ ਰਾਜਨੀਤੀ ਕਰਨ ਦੇ ਦਾਅਵੇ ਕਰਦੀ ਹੁੰਦੀ ਸੀ, ਅਟਲ ਬਿਹਾਰੀ ਵਾਜਪਾਈ ਦੇ ਵਕਤ ਜਦੋਂ ਸੱਤਾ ਦੇ ਸਿਖਰ ਉੱਤੇ ਪੁੱਜੀ ਤਾਂ ਇਸ ਨੂੰ ਕਾਰਪੋਰੇਟ ਘਰਾਣਿਆਂ ਵੱਲੋਂ ਫੰਡਾਂ ਦੇ ਗੱਫੇ ਧੜਾ-ਧੜਾ ਦਿੱਤੇ ਜਾਣ ਲੱਗੇ, ਪਰ ਪੈਸੇ ਪਾਰਟੀ ਨਹੀਂ ਸੀ ਫੜਦੀ ਹੁੰਦੀ, ਉਸ ਵੱਲੋਂ ਇੱਕੋ ਆਗੂ ਇਹ ਕੰਮ ਕਰਦਾ ਹੁੰਦਾ ਸੀ। ਹਾਲਾਤ ਬਦਲੇ ਤੇ ਪਾਰਟੀ ਦੇ ਸੱਤਾ ਤੋਂ ਪਾਸੇ ਹੁੰਦੇ ਸਾਰ ਕਾਰਪੋਰੇਟ ਫੰਡਾਂ ਦਾ ਉਹ ਇੱਕੋ ਸੰਪਰਕ ਮੰਨਿਆ ਜਾਂਦਾ ਆਗੂ ਆਪਣੇ ਕਿਸੇ ਪਰਵਾਰਕ ਝਗੜੇ ਕਾਰਨ ਦੁਨੀਆ ਛੱਡ ਗਿਆ। ਉਸ ਨਾਲ ਲਾਏ ਗਏ ਦੋ ਆਗੂਆਂ ਵਿੱਚ ਸੰਪਰਕ ਸੂਤਰ ਵਜੋਂ ਜ਼ਿੰਮਾ ਸੰਭਾਲਣ ਤੋਂ ਝਗੜਾ ਪੈ ਗਿਆ ਅਤੇ ਇੱਕ ਜਣਾ ਰੁੱਸ ਕੇ ਕੰਮ ਛੱਡ ਕੇ ਘਰ ਜਾ ਬੈਠਾ। ਇਸ ਪਾਰਟੀ ਵਾਸਤੇ ਕਾਰਪੋਰੇਟ ਘਰਾਣੇ ਜਣੇ-ਖਣੇ ਅੱਗੇ ਨੋਟਾਂ ਦੇ ਬੈਗ ਰੱਖਣ ਅਤੇ ਆਮ ਲੋਕਾਂ ਅੱਗੇ ਨੰਗੇ ਹੋਣ ਲਈ ਤਿਆਰ ਨਹੀਂ ਸਨ ਤੇ ਜਦੋਂ ਇਹ ਸੱਚਾਈ ਪਾਰਟੀ ਨੂੰ ਸਮਝ ਪਈ ਤਾਂ ਲੀਡਰਸ਼ਿਪ ਨੇ ਦੋਵਾਂ ਵਿੱਚੋਂ ਦਮਦਾਰ ਜਾਪਦਾ ਸਿਰਫ ਇੱਕ ਜਣਾ ਅੱਗੇ ਕੀਤਾ ਤੇ ਦੂਸਰੇ ਨੂੰ ਪਿੱਛੇ ਖਿੱਚ ਕੇ ਸਾਰੇ ਸੰਪਰਕ ਫਿਰ ਬਹਾਲ ਕਰ ਲਏ ਅਤੇ ਕੋਈ ਝਟਕਾ ਨਹੀਂ ਸੀ ਲੱਗਾ। ਇਸ ਦੇ ਬਾਅਦ ਹਾਲਾਤ ਏਨੇ ਬਦਲ ਗਏ ਕਿ ਪਾਰਟੀ ਵਿੱਚ ਓਦੋਂ ਵਰਗੀ ਸਥਿਤੀ ਕਦੀ ਪੈਦਾ ਵੀ ਹੋਵੇਗੀ, ਇਸ ਬਾਰੇ ਪਾਰਟੀ ਅਤੇ ਲੋਕਤੰਤਰ ਦੀ ਵਿਆਖਿਆ ਕਰਨ ਵਾਲੇ ਅਜੋਕੇ ਮਾਹਰਾਂ ਨੂੰ ਆਸ ਨਹੀਂ ਰਹਿ ਗਈ ਲੱਗਦੀ। ਸਿਰਫ ਇੱਕ ਆਗੂ ਦੀ ਪਕੜ ਏਨੀ ਤਕੜੀ ਹੋ ਗਈ ਹੈ ਕਿ ਉਸ ਦੇ ਅੱਗੇ ਸਿਰ ਚੁੱਕਣ ਵਾਲਾ ਕੋਈ ਨਹੀਂ ਰਿਹਾ ਅਤੇ ਜਿਹੜੇ ਸਰੋਤਾਂ ਨਾਲ ਇਹ ਪਾਰਟੀ ਚੱਲਦੀ ਹੈ ਜਾਂ ਚੱਲਦੀ ਰੱਖੀ ਜਾ ਸਕਦੀ ਹੈ, ਉਨ੍ਹਾਂ ਦੀ ਮੁੱਖ ਟੇਕ ਸਿਰਫ ਇੱਕ ਵੱਡੇ ਕਾਰਪੋਰੇਟ ਘਰਾਣੇ ਦੇ ਮੁਖੀ ਤੱਕ ਸੀਮਤ ਕੀਤੀ ਜਾਣ ਲੱਗ ਪਈ ਹੈ। ਬਹੁਤ ਸਾਰੇ ਲੋਕ ਉਸ ਵੱਡੇ ਪੂੰਜੀਪਤੀ ਨੂੰ ਪ੍ਰਧਾਨ ਮੰਤਰੀ ਦੀ ਰਾਜਨੀਤੀ ਵਾਸਤੇ ਰਾਖਵਾਂ ਸਰੋਤ ਮੰਨਣ ਦੇ ਨਾਲ ਭਾਜਪਾ ਦਾ ਲਾਕਰ ਤੱਕ ਮੰਨਦੇ ਹਨ। ਜਦੋਂ ਤੱਕ ਇਨ੍ਹਾਂ ਦੋਵਾਂ ਦੀ ਇਹ ਸਾਂਝਦਾਰੀ ਕਾਇਮ ਹੈ, ਏਦਾਂ ਚੱਲਦਾ ਰਹਿ ਸਕਦਾ ਹੈ, ਜਿਸ ਦਿਨ ਮੱਤਭੇਦਾਂ ਦੀ ਛੋਟੀ ਜਿਹੀ ਲਕੀਰ ਵੀ ਕਿਸੇ ਤਰ੍ਹਾਂ ਉੱਠ ਪਈ, ਦੋਵਾਂ ਵਿੱਚੋਂ ਇੱਕ ਜਣੇ ਨੂੰ ਦੂਸਰੇ ਲਈ ਰਾਹ ਛੱਡਣਾ ਪੈ ਸਕਦਾ ਹੈ। ਇਹੋ ਜਿਹੇ ਹਾਲਾਤ ਵਿੱਚ ਬਹੁਤੀ ਵਾਰ ਪੂੰਜੀਪਤੀ ਬੰਦੇ ਦੀ ਧੂੰਜੇ ਧੱਕੇ ਜਾਇਆ ਕਰਦੇ ਹਨ। ਇਹ ਵਰਤਾਰਾ ਜ਼ਿਆਦਾ ਵਾਰੀਆਂ ਵਾਲਾ ਹੋ ਸਕਦਾ ਹੈ, ਪਰ ਹਮੇਸ਼ਾ ਵਾਲਾ ਸਮਝਣਾ ਗਲਤ ਹੋਵੇਗਾ। ਕਈ ਵਾਰੀ ਪੂੰਜੀਪਤੀ ਹੀ ਪੂੰਜੀ ਦਾ ਪਤੀ ਨਾ ਰਹਿ ਕੇ ਪੂੰਜੀ ਦਾ ਛੱਟਾ ਦੇ ਕੇ ਸਿਆਸਤ ਦੀ ਚੱਕਰੀ ਘੁਮਾ ਸਕਣ ਜੋਗੀ ਹੈਸੀਅਤ ਹਾਸਲ ਕਰ ਜਾਂਦਾ ਹੈ। ਇੰਦਰਾ ਗਾਂਧੀ ਦੇ ਵਕਤ ਜਿਹੜਾ ਰਿਲਾਇੰਸ ਘਰਾਣਾ ਉਸ ਦੀ ਮੁਥਾਜ਼ੀ ਤੋਂ ਨਹੀਂ ਸੀ ਨਿਕਲ ਸਕਦਾ, ਪਿੱਛੋਂ ਰਾਜੀਵ ਗਾਂਧੀ ਦੀ ਰਾਜਨੀਤੀ ਨੂੰ ਉਹ ਹੀ ਘਰਾਣਾ ਸਿਆਸੀ ਪਟਕਣੀ ਦੇ ਗਿਆ ਸੀ। ਏਦਾਂ ਦੀ ਹਾਲਤ ਕਦੋਂ ਕਿਸੇ ਆਗੂ ਲਈ ਬਣ ਜਾਵੇ, ਸਿਆਸਤ ਦੇ ਰੰਗਾਂ ਦੇ ਜਾਣਕਾਰ ਯਕੀਨ ਨਾਲ ਕੁਝ ਨਹੀਂ ਕਹਿ ਸਕਦੇ।

ਸਾਡੇ ਪੰਜਾਬ ਵਿੱਚ ਸਾਰੇ ਸਰੋਤ ਇੱਕ ਪਾਰਟੀ ਦੀ ਥਾਂ ਇੱਕ ਪਰਵਾਰ ਦੇ ਸੰਪਰਕ ਦੇ ਮੁਥਾਜ਼ ਹੋਣ ਦੀ ਸਥਿਤੀ ਨੇ ਅਕਾਲੀ ਦਲ ਨੂੰ ਜਿਸ ਥਾਂ ਜਾ ਪੁਚਾਇਆ ਹੈ, ਉਸ ਦੀ ਕਿਸੇ ਵਿਆਖਿਆ ਦੀ ਲੋੜ ਨਹੀਂ। ਪਾਰਟੀ ਭਾਵੇਂ ਸਿਖਰਲੇ ਸੰਕਟ ਦਾ ਸਾਹਮਣਾ ਕਰਦੀ ਪਈ ਹੈ, ਇਸ ਪਾਰਟੀ ਦੀ ਅਗਵਾਈ ਸੰਭਾਲੀ ਰੱਖਣ ਦੀ ਜ਼ਿਦ ਕਰਦੇ ਆਗੂ ਦੀ ਟੀਮ ਦੇ ਪਿਆਦੇ ਅਜੇ ਵੀ ਇਹ ਕਹਿਣ ਤੋਂ ਨਹੀਂ ਝਿਜਕਦੇ ਕਿ ਜਿਸ ਲੀਡਰ ਕੋਲ ਪਾਰਟੀ ਚਲਾਉਣ ਦੀ ਸਮਰੱਥਾ ਅਤੇ ਸਰਮਾਇਆ ਹੈ, ਉਸ ਦਾ ਨਾਂਅ ਦੱਸੋ, ਏਨੀ ਜੋਗਾ ਹੋਰ ਕੋਈ ਆਗੂ ਸਿੱਖ ਪੰਥ ਦੇ ਅੰਦਰ ਹੈ ਹੀ ਨਹੀਂ। ਇਹ ਸਥਿਤੀ ਇੱਕੋ ਆਗੂ ਜਾਂ ਉਸ ਆਗੂ ਦੇ ਪਰਵਾਰ ਕੋਲ ਆਈ ਕਿਸ ਤਰ੍ਹਾਂ ਸੀ, ਇਸ ਦੀ ਚਰਚਾ ਦੀ ਲੋੜ ਨਹੀਂ, ਸਮਝਣ ਵਾਲੀ ਅਸਲ ਸਥਿਤੀ ਇਹ ਹੈ ਕਿ ਇਸ ਵਕਤ ਇਸ ਪਾਰਟੀ ਲਈ ਇਹ ਪਰਵਾਰ ਇੱਕ ਤਰ੍ਹਾਂ ਉਸ ਧਿਰ ਦਾ ਲਾਕਰ ਅਤੇ ਗੋਲਕ ਦੋਵੇਂ ਬਣ ਚੱਕਾ ਹੋਣ ਕਾਰਨ ਆਪਣੇ ਆਪ ਤੋਂ ਬਾਹਰ ਪਾਰਟੀ ਦੀ ਕਲਪਨਾ ਤੱਕ ਵੀ ਕਰਨ ਨੂੰ ਤਿਆਰ ਨਹੀਂ। ਜਿੱਦਾਂ ਕਾਂਗਰਸ ਪਾਰਟੀ ਕੋਲ, ਭਾਰਤ ਦੇ ਵੱਖ-ਵੱਖ ਰਾਜਾਂ ਵਿੱਚ ਚੱਲਦੀਆਂ ਖੇਤਰੀ ਪਾਰਟੀਆਂ ਕੋਲ ਜਾਂ ਕੇਂਦਰ ਵਾਲੀ ਰਾਜਨੀਤੀ ਵਿੱਚ ਅਸਰ ਵਾਲੇ ਦੋ ਪ੍ਰਮੁੱਖ ਲੀਡਰਾਂ ਸ਼ਰਦ ਪਵਾਰ ਅਤੇ ਬੀਬੀ ਮਾਇਆਵਤੀ ਕੋਲ ਇਹ ਹੈਸੀਅਤ ਹੈ, ਉਹੀ ਹੈਸੀਅਤ ਪੰਜਾਬ ਵਿੱਚ ਹੋਣ ਦਾ ਭਰਮ ਜਾਂ ਯਕੀਨ ਜਿਨ੍ਹਾਂ ਲੀਡਰਾਂ ਨੂੰ ਅਜੇ ਵੀ ਹੈ ਅਤੇ ਛੇਤੀ ਕੀਤੇ ਇਸ ਯਕੀਨ ਜਾਂ ਭਰਮ ਨੂੰ ਖੋਰਾ ਲੱਗਣ ਵਾਲਾ ਨਹੀਂ ਦਿੱਸਦਾ, ਉਹ ਇਸ ਲੀਡਰ ਜਾਂ ਇਸ ਦੇ ਪਰਵਾਰ ਦੀ ਵਫਾ ਜਾਂ ਕਾਰਿੰਦਗੀ ਛੱਡਣ ਨੂੰ ਤਿਆਰ ਨਹੀਂ ਹੋ

23-Feb-Sunday.qxd 2/22/2025 11:23 PM Page 4

ਮੋਹ-ਵੰਤੇ ਰਿਸ਼ਤਿਆਂ ਦਾ ਹਕੀਕੀ ਬਿਰਤਾਂਤ



ਰਚਾ ਇਕ ਪੁਸਤਕ ਦੀ

ਹਰਜਿੰਦਰ ਸਿੰਘ ਅਟਵਾਲ (ਡਾ.)

70% ਪ੍ਰੇਮ ਕਥਾ

ਜਸਵੀਰ ਸਿੰਘ ਰਾਣਾ
ਪੰਨੇ : 336, ਮੁੱਲ : 450 ਰੁਪਏ
ਦਾ ਬੁਕ ਹਾਈਵੇ, ਮਾਲੇਰਕੋਟਲਾ

ਗ਼ਲਪ ਸਿਰਜਣਾ ਦਾ ਆਧਾਰ ਆਮ ਕਰਕੇ ਸਮਾਜਿਕ ਜੀਵ, ਰਿਸ਼ਤਿਆਂ, ਘਟਨਾਵਾਂ, ਸਮਾਜਿਕ-ਰਾਜਨੀਤਕ ਲਹਿਰਾਂ ਨਾਲ ਜੁੜੀਆਂ ਘਟਨਾਵਾਂ ਜਾਂ ਵਿਸ਼ੇਸ਼ ਕਿਰਦਾਰਾਂ ਦਾ ਜੀਵਨੀ ਮੂਲਕ ਬਿਰਤਾਂਤ ਹੀ ਬਣਦਾ ਹੈ। ਗ਼ਲਪ ਵਿੱਚ ਆਲਮੀ ਪੱਧਰ 'ਤੇ ਜੀਵਨੀ ਮੂਲਕ ਵੱਡੇ ਨਾਵਲਾਂ ਦੀ ਰਚਨਾ ਹੋਈ ਹੈ। ਇਸੇ ਤਰ੍ਹਾਂ ਸਵੈ-ਜੀਵਨੀ ਮੂਲਕ ਬਿਰਤਾਂਤਕਾਰੀ ਵਿੱਚ ਵੀ ਸਾਨੂੰ ਕਈ ਮਹੱਤਵਪੂਰਨ ਰਚਨਾਵਾਂ ਮਿਲਦੀਆਂ ਹਨ, ਜੋ ਵਿਸ਼ੇ ਕਿਰਦਾਰ ਦੇ ਮਾਲਕ ਵਿਅਕਤੀਆਂ ਦੀ ਜ਼ਿੰਦਗੀ ਦੇ ਅਹਿਮ ਪੱਖਾਂ ਦੀ ਨਿਸ਼ਾਨਦੇਹੀ ਕਰਦੀਆਂ ਹਨ। ਉਂਜ ਜੀਵਨੀ ਮੂਲਕ ਜਾਂ ਸਵੈ ਜੀਵਨੀ ਮੂਲਕ ਨਾਵਲ ਵਿੱਚ ਅਕਸਰ ਇਹ ਸੰਕਟ ਆਉਣ ਦੀ ਸੰਭਾਵਨਾ ਬਣੀ ਰਹਿੰਦੀ ਹੈ ਕਿ ਲੇਖਕ ਨਾ ਚਾਹੁੰਦਿਆਂ ਹੋਇਆਂ ਵੀ ਜੀਵਨੀ/ਸਵੈਜੀਵਨੀ ਵਿਚਲੇ ਕਿਰਦਾਰ ਨੂੰ ਪੇਸ਼ ਕਰਦਿਆਂ ਭਾਵੁਕ-ਉਪਭਾਵੁਕ ਹੋ ਕੇ ਪੇਸ਼ ਹੋ ਰਹੇ ਕਿਰਦਾਰ ਨੂੰ ਵਧੇਰੇ 'ਗਲੋਰੀਫਾਈ' ਕਰ ਬੈਠਦਾ ਹੈ, ਪੇਸ਼ਕਾਰੀ ਵਿਚਲਾ ਇਹ ਅਸਾਵਾਂਪਣ ਬਹੁਤੀ ਵਾਰੀ ਰਚਨਾ ਨੂੰ ਪੇਤਲੀ ਕਰ ਦਿੰਦਾ ਹੈ, ਪਰ ਕੁਝ ਰਚਨਾਵਾਂ ਵਿੱਚ ਕਿਰਦਾਰਾਂ ਦੀ ਇਹ ਪੇਸ਼ਕਾਰੀ ਏਡੀ ਹੱਦ ਤੱਕ ਸਾਵੀਂ ਰਹਿੰਦੀ ਹੈ ਕਿ ਉਹ ਕਿਰਦਾਰ ਇਤਿਹਾਸ ਵਾਂਗ ਬਿਰਤਾਂਤਕਾਰੀ ਵਿੱਚ ਵੀ ਆਪਣੀ ਵਿਲੱਖਣਤਾ ਬਣਾਈ ਰੱਖਦੇ ਹਨ।

ਜਸਵੀਰ ਸਿੰਘ ਰਾਣਾ ਦੋ ਦਹਾਕੇ ਤੋਂ ਵੱਧ ਸਮੇਂ ਤੋਂ ਪੰਜਾਬੀ ਗ਼ਲਪਕਾਰੀ ਦੇ ਖੇਤਰ ਵਿੱਚ ਸਰਗਰਮ ਹੈ। ਸਿਖਰ ਦੁਪਹਿਰਾ (2003) ਤੋਂ ਸ਼ੁਰੂ ਹੋ ਕੇ ਉਹ ਲਗਾਤਾਰ ਪੰਜਾਬੀ ਗ਼ਲਪਕਾਰੀ ਨਾਲ ਜੁੜਿਆ ਹੋਇਆ ਹੈ। ਕਹਾਣੀਆਂ ਦੇ ਨਾਲ-ਨਾਲ ਉਹ ਨਾਵਲ ਵੀ ਲਿਖ ਰਿਹਾ ਹੈ। '70 ਪ੍ਰਤੀਸ਼ਤ ਪ੍ਰੇਮ ਕਥਾ' ਉਸ ਦਾ ਦੂਜਾ ਨਾਵਲ ਹੈ। ਇਸ ਨਾਵਲ ਦਾ ਸਿਰਲੇਖ ਥੋੜ੍ਹਾ ਵੱਖਰਾ ਹੈ, ਪਹਿਲੀ ਨਜ਼ਰੇ ਪਾਠਕ ਦਾ ਧਿਆਨ ਖਿੱਚਦਾ ਹੈ, ਇਸ ਦੇ ਅਰਥ ਪਾਸਾਰ ਬਾਰੇ ਜਾਨਣ ਲਈ ਉਤਸੁਕ ਵੀ ਹੁੰਦਾ ਹੈ, ਕਈ ਵਾਰੀ ਸਿਰਲੇਖ ਵਿਚਲੇ ਅਣਲਿਖੇ ਨੂੰ ਵਿਅੰਗ ਅਤੇ ਮਜ਼ਾਕ ਵਿੱਚ ਪੂਰਾ ਕਰਕੇ ਲਿਖਣ ਦੀ ਪ੍ਰਕਿਰਿਆ ਨਾਲ ਵਕਤੀ ਤੌਰ 'ਤੇ ਮਨਪ੍ਰਚਾਵਾ ਕਰਨ ਦੀ ਕਿਰਿਆ ਵੀ ਕਰਦਾ ਹੈ, ਪਰ ਅਸਲ ਵਿੱਚ ਜਸਵੀਰ ਦਾ ਇਹ ਨਾਵਲ ਆਪਣੇ ਸਿਰਲੇਖ ਵਿੱਚ ਇਕ ਡੂੰਘੀ ਅਤੇ ਗੁੱਝੀ ਰਮਜ਼ ਪੇਸ਼ ਕਰਦਾ ਹੈ, ਜਿਸ ਦਾ ਖੁਲਾਸਾ ਨਾਵਲ ਦੀ ਟੈਕਸਟ ਵਿੱਚ ਹੁੰਦਾ ਹੈ। ਗੁਰਮਤ ਦਰਸ਼ਨ ਅਨੁਸਾਰ ਇਸ ਰਹੱਸ ਨੂੰ ਜਸਵੀਰ ਪੇਸ਼ ਕਰਨ ਦਾ ਯਤਨ ਕਰਦਾ ਹੈ। ਉਹ ਨਾਵਲ ਆਰੰਭ ਹੋਣ ਤੋਂ ਪਹਿਲਾਂ ਸਵੀਕਾਰ ਕਰਦਾ ਹੈ ਕਿ ਇਹ ਨਾਵਲ ਮੇਰੀ "ਸਵੈ-ਜੀਵਨੀ" ਦੇ ਦੋ ਪੰਨਿਆਂ 'ਤੇ ਉੱਸਰਿਆ ਹੋਇਆ ਹੈ, ਪਹਿਲਾ ਪੰਨਾ ਮੇਰੀ ਮਾਂ, ਦੂਜਾ ਪੰਨਾ ਮੇਰਾ ਬਾਜੀ ਹੈ। ਮੈਂ ਦੋਵਾਂ ਦੇ ਵਿਚਕਾਰ ਹਾਂ। ਹਰ ਵਿਅਕਤੀ ਦੀ ਜ਼ਿੰਦਗੀ ਵਿੱਚ ਮਾਂ-ਬਾਪ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੁੰਦੀ ਹੈ। ਮਾਂ ਦੇ ਮਹੱਤਵ, ਬਾਪ ਦੀ ਵਿਸ਼ੇਸ਼ ਭੂਮਿਕਾ ਦਾ ਜ਼ਿਕਰ ਕਰਦੀਆਂ ਗ਼ਲਪ ਰਚਨਾਵਾਂ ਦੀ ਹੋਂਦ ਇਸ ਤੱਥ ਦੀ ਗਵਾਹੀ ਬਣਦੀਆਂ ਆ ਰਹੀਆਂ ਹਨ। ਜਦੋਂ ਇਕ ਗ਼ਲਪਕਾਰ ਮਾਂ-ਬਾਪ ਨੂੰ ਵਿਅਕਤੀ ਦੀ ਹੋਂਦ ਦੇ ਦਾਇਰੇ ਵਿੱਚੋਂ ਬਾਹਰ ਲਿਆ ਕੇ ਇਕ 'ਸੰਸਥਾ' ਦੇ ਵਿਸ਼ਾਲ ਘੇਰੇ ਵਿੱਚ ਰੱਖ ਕੇ ਪੇਸ਼ਕਾਰੀ ਕਰਦਾ ਹੈ ਤਾਂ ਉਹ ਅਸਲ ਵਿੱਚ ਆਪਣੇ ਪੁਰਖਿਆਂ ਨਾਲ ਸੰਵਾਦ ਵੀ ਰਚਾ ਰਿਹਾ ਹੁੰਦਾ ਹੈ ਅਤੇ ਇਸ ਸੰਵਾਦ ਵਿੱਚੋਂ ਉਨ੍ਹਾਂ ਪਲਾਂ ਨੂੰ ਵੀ ਸਾਂਭ ਰਿਹਾ ਹੁੰਦਾ ਹੈ, ਜਿਨ੍ਹਾਂ ਵੱਲ ਪਹਿਲਾਂ ਉਹ ਬੇਧਿਆਨੀ ਵਾਲਾ ਨਜ਼ਰੀਆ ਰੱਖਦਾ ਰਿਹਾ ਹੁੰਦਾ ਹੈ। ਪੇਸ਼ ਹੋ ਰਹੇ ਕਿਰਦਾਰ ਕਿਉਂ ਜੋ ਉਮਰਾਂ ਦੇ ਲੰਮੇ ਹੁੰਦੇ ਹਨ, ਉਮਰਾਂ ਦੀ ਚੌਖਟੇ ਵਿੱਚ ਰੱਖ ਕੇ ਉਨ੍ਹਾਂ ਦੇ ਕਿਰਦਾਰ ਨਾਲ ਇਨਸਾਫ਼ ਨਹੀਂ ਹੋ ਸਕਦਾ, ਇਸ ਕਰਕੇ ਉਹ ਕਿਰਦਾਰ ਆਪ-ਮੁਹਾਰੇ ਉਮਰਾਂ ਦੇ ਚੌਖਟੇ ਵਿੱਚੋਂ ਬਾਹਰ ਆ ਜਾਂਦੇ ਹਨ। ਹਥਲੇ ਨਾਵਲ ਵਿੱਚ ਜਸਵੀਰ ਅਜਿਹਾ ਕਰ ਸਕਣ ਦੇ ਯਤਨ ਵਿੱਚ ਹੈ।

ਨਾਵਲ ਦੇ ਆਰੰਭ ਵਿੱਚ ਹੀ ਜਸਵੀਰ ਇਕ ਹੋਰ ਤੱਥ ਨਾਵਲ ਦੀ ਵੱਥ ਬਾਰੇ ਉਜਾਗਰ ਕਰਦਾ ਕਹਿੰਦਾ ਹੈ ਕਿ ਮੇਰਾ ਇਹ ਨਾਵਲ ਵਾਤਸਲ ਭਾਵ ਵਿੱਚ ਡੁੱਬੀ ਰਚਨਾ ਹੈ। ਵਾਤਸਲ ਭਾਵ ਸਾਡੇ ਭਾਰਤੀ ਕਾਵਿ ਸ਼ਾਸਤਰ ਦੇ ਬਹੁਤ ਹੀ ਮਹੱਤਵਪੂਰਨ ਛੇ ਕਾਵਿ-ਸਿਧਾਂਤਾਂ" ਵਿੱਚੋਂ ਪਹਿਲੇ ਅਤੇ ਮਹੱਤਵਪੂਰਨ ਕਾਵਿ-ਸਿਧਾਂਤ "ਰਸ ਕਾਵਿ ਸਿਧਾਂਤ ਦੇ ਅਧੀਨ ਵਿਚਾਰਿਆ ਜਾਂਦਾ ਹੈ। ਭਰਤਮੁਨੀ ਵੱਲੋਂ ਪੇਸ਼ ਕੀਤੇ ਰਸ ਕਾਵਿ-ਸਿਧਾਂਤ ਦੇ ਅੰਤਰਗਤ ਪੇਸ਼ ਸ਼ਿਗਾਰ ਰਸ ਦੇ ਪ੍ਰਸੰਗ ਵਿੱਚ ਇਸ ਨੂੰ ਵਿਚਾਰਿਆ ਜਾਂਦਾ ਰਿਹਾ ਹੈ। ਇਸ ਅਧੀਨ ਪਿਆਰ-ਮੁਹੱਬਤ ਦਾ ਹਾਣ-ਪ੍ਰਵਾਣ ਵਾਲੇ ਰੂਪ ਦੀ ਥਾਂ ਮਾਂ-ਬਾਪ-ਬੱਚਿਆਂ ਵਾਲੇ ਮੁਹੱਬਤੀ ਰੂਪ ਦਾ ਉਲੇਖ ਹੁੰਦਾ ਹੈ। ਇਸ ਦੀ ਇਕ ਮਿਸਾਲ ਸਾਡੇ ਬਹੁਤ ਹੀ ਮਹੱਤਵਪੂਰਨ ਕਹਾਣੀਕਾਰ ਸੰਤੋਖ ਸਿੰਘ ਧੀਰ ਹੁਰਾਂ ਵੱਲੋਂ ਬਹੁਤ ਦੇਰ ਇਕ ਨਾਵਲ 'ਯਾਦਗਾਰ' ਦੀ ਦਿੱਤੀ ਜਾ ਸਕਦੀ ਹੈ, ਜਿਸ ਨੂੰ ਧੀਰ ਹੋਰੀਂ ਵਾਤਸਲ ਪਿਆਰ ਵਾਲਾ ਨਾਵਲ ਸਵੀਕਾਰ ਕਰਦੇ ਕਹਿੰਦੇ ਹਨ ਕਿ ਵਾਤਸਲ ਪਿਆਰ ਅਧੀਨ ਮੈਂ ਇਕ ਪਿਤਾ ਦਾ ਪੁੱਤਰੀ ਨਾਲ ਅਥਾਹ ਪਿਆਰ ਦਰਸਾਇਆ ਹੈ। ਵਾਤਸਲ ਪਿਆਰ ਦੀਆਂ ਅਜਿਹੀਆਂ ਹੋਰ ਵੀ ਕਈ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ। ਇਸੇ ਤਰ੍ਹਾਂ ਹੀ ਇਕ ਹੋਰ ਸਵੈ ਜੀਵਨੀ ਮੂਲਕ ਨਾਵਲ "ਅਲਵਿਦਾ...ਕਦੇ ਵੀ ਨਹੀਂ" ਲਾਜ ਨੀਲਮ ਸੈਣੀ ਦਾ ਵੀ ਪੜ੍ਹਨ ਨੂੰ ਮਿਲਦਾ ਹੈ, ਜਿਸ ਵਿੱਚ ਉਸ ਨੇ ਆਪਣੇ ਪਤੀ ਦੀ ਯਾਦ ਨੂੰ ਅਜਿਹੇ ਮਾਰਮਿਕ ਢੰਗ ਨਾਲ ਚਿਤਰਿਆ ਹੈ ਕਿ ਉਹ ਪਤੀ ਵਿਅਕਤੀ ਹੁੰਦਾ ਹੋਇਆ ਵੀ ਇਕ ਆਦਰਸ਼ ਸੰਸਥਾ ਦਾ ਰੂਪ ਧਾਰਨ ਕਰਦਾ ਨਜ਼ਰ ਆਉਂਦਾ ਹੈ। ਇਸ ਸਾਰੇ ਕੁਝ ਦੇ ਆਧਾਰ 'ਤੇ ਹੀ ਅਸੀਂ ਜਸਵੀਰ ਦੇ ਇਸ ਨਾਵਲ ਨੂੰ ਪੜ੍ਹਨ/ਸਮਝਣ ਦਾ ਯਤਨ ਕਰਾਂਗੇ। ਇਸ ਤੱਥ ਨੂੰ ਧਿਆਨ ਵਿੱਚ ਰੱਖਿਆ ਜਾਵੇਗਾ ਕਿ ਸਵੈ-ਜੀਵਨੀ ਮੂਲਕ ਨਾਵਲ ਵਿੱਚ ਵੀ ਕਿਰਦਾਰ ਉਸਾਰ ਕਰਦਿਆਂ ਲੇਖਕ ਤੱਤਕਾਲੀ ਸਮਾਜ ਵਿਚਲੀਆਂ ਵਿਡੰਬਨਾਵਾਂ, ਰਹੁ-ਰੀਤਾਂ ਦਾ ਉਲੇਖ ਵੀ ਕਰਦਾ ਰਹਿੰਦਾ ਹੈ, ਕਈ ਵਾਰ ਇਹ ਉਲੇਖ ਏਡਾ ਸ਼ਕਤੀਸ਼ਾਲੀ ਹੁੰਦਾ ਹੈ ਕਿ ਪਾਠਕ ਨੂੰ ਇਹ ਵੀ ਲੱਗਣ ਲੱਗਦਾ ਹੈ ਕਿ ਲੇਖਕ ਸਮਾਜਿਕ ਵਿਡੰਬਨਾਵਾਂ ਦੀ ਪੇਸ਼ਕਾਰੀ ਹਿਤ ਇਨ੍ਹਾਂ ਕਿਰਦਾਰ ਨੂੰ ਵਰਤ ਰਿਹਾ ਹੈ ਜਾਂ ਕਿਰਦਾਰ ਉਸਾਰੀ ਹਿਤ, ਸਮਾਜਿਕ ਵਿਡੰਵਨਾਵਾਂ ਦੀ ਪੇਸ਼ਕਾਰੀ ਹੋ ਰਹੀ ਹੈ। ਲੇਖਕ ਦਾ ਅਸਲ ਮਕਸਦ ਤਾਂ ਆਪਣੇ ਆਲੇ-ਦੁਆਲੇ ਦੀ ਪੇਸ਼ਕਾਰੀ ਕਰਦਿਆਂ ਉਸ ਦਾ ਹਕੀਕੀ ਰੂਪ ਅਤੇ ਆਕਾਰ ਦਿਖਾਉਣਾ ਹੀ ਹੁੰਦਾ ਹੈ।

ਜਸਵੀਰ ਨੇ ਇਸ ਨਾਵਲ ਨੂੰ ਦੋ ਭਾਗਾਂ ਵਿੱਚ ਵੰਡਿਆ ਹੈ, ਅੱਗੋਂ ਦੋਨੋਂ ਭਾਗਾਂ ਦੇ ਕੁਝ ਉਪ-ਭਾਗ ਬਣਾਏ ਹਨ ਅਤੇ ਇਹ ਉਪ-ਭਾਗ ਅੱਗੋਂ ਕਾਂਡਾਂ ਵਿੱਚ ਵੰਡੇ ਹੋਏ ਹਨ। ਭਾਗ ਪਹਿਲਾ ਦਾ ਪਹਿਲਾ ਉਪ ਭਾਗ ਹੈ 'ਅਸਥਘਾਟ ਤੋਂ ਕਿਰਦੀ ਰਾਖ'। ਦੂਜਾ ਜੇਬ 'ਚ ਫੁੱਲ ਪਾ ਕੇ ਲੜਦਾ ਫੌਜੀ, ਤੀਜਾ ਆਊਟ ਸਾਈਡਰ ਨੰਬਰ : 2, ਚੌਥਾ 70 ਪ੍ਰਤੀਸ਼ਤ ਪ੍ਰੇਮ ਕਥਾ, ਭਾਗ ਦੂਜਾ ਦਾ ਪਹਿਲਾ ਉਪ ਭਾਗ ਹੈ, ਰਾਤ ਦੀ ਕੁੱਖ 'ਚ ਬਲਦਾ ਸਿਵਾ, ਦੂਜਾ ਦਿਲ 'ਤੇ ਲਿਖੀ ਪ੍ਰੇਮ ਕਥਾ, ਤੀਜਾ ਨਸਰਾਲੀ ਨੂੰ ਜਾਂਦੀ ਟੋਟਾ ਸੜਕ, ਚੌਥਾ, ਪ੍ਰੇਤ-ਮੁਕਤੀ ਪਿੰਪਲ ਘਾਟ। ਇਨ੍ਹਾਂ ਦੋ ਭਾਗਾਂ ਦੇ ਅੱਠ ਉਪ ਭਾਗਾਂ ਦੇ ਸਿਰਲੇਖ ਹੀ ਸੰਕੇਤਕ ਤੌਰ 'ਤੇ ਇਕ ਅਜਿਹੇ ਬਿਰਤਾਂਤ ਵੱਲ ਸੇਧਤ ਹਨ ਕਿ ਜਿਸ ਨਾਲ ਪੇਸ਼ ਹੋਣ ਵਾਲੇ ਕਿਰਦਾਰ ਅਤੇ ਉਨ੍ਹਾਂ ਨਾਲ ਜੁੜੀ ਸਮਾਜਿਕਤਾ ਆਪ-ਮੁਹਾਰੇ ਹੀ ਉੱਘੜਦੀ ਨਜ਼ਰ ਆਉਂਦੀ ਜਾਂਦੀ ਹੈ।

ਬਾਪ ਦਰਸ਼ਨ ਸਿੰਘ ਦੇ ਕਿਰਦਾਰ ਦੀ ਪੇਸ਼ਕਾਰੀ ਕਰਦਿਆਂ ਜਸਵੀਰ ਉਸ ਦੇ ਸੁਭਾਅ ਵਿਚਲੇ ਉਨ੍ਹਾਂ ਸਾਰੇ ਤੱਥਾਂ ਨੂੰ ਉਜਾਗਰ ਕਰਦਾ ਹੈ ਜੋ ਉਸ ਨੂੰ ਮੁਕੰਮਲ ਰੂਪ ਵਿੱਚ ਹੈਡ-ਮਾਸ ਦਾ ਜੀਵ ਬਣਾਉਂਦੇ ਹਨ, ਨਾ ਕਿ ਇਕ ਪੁੱਤਰ ਵੱਲੋਂ ਆਪਣੇ ਪਿਤਾ ਨੂੰ ਆਦਰਸ਼ ਦੀ ਚਾਸ਼ਣੀ ਵਿੱਚ ਡੁਬੋ ਕੇ ਪੇਸ਼ ਕੀਤਾ ਕਿਰਦਾਰ। ਦਰਸ਼ਨ ਸਿੰਘ ਫੌਜੀ ਹੈ, ਜੋ ਸ਼ਾਇਦ ਫੌਜ ਵਿੱਚ ਭਰਤੀ ਨਾ ਹੁੰਦਾ, ਜੇ ਉਸ ਦਾ ਵਾਹ 'ਰਾਧਾ ਬਾਣੀਏ' ਵਰਗੇ ਮਾਸਟਰ ਨਾਲ ਨਾ ਪੈਂਦਾ, ਜਿਸ ਦਾ ਪ੍ਰਭਾਵ ਇਹ ਸੀ ਕਿ ਜਿਸ ਵਿਦਿਆਰਥੀ ਨੇ ਉਸ ਕੋਲ ਟਿਊਸ਼ਨ ਰੱਖੀ ਹੋਵੇ, ਉਹ ਉਸੇ ਨੂੰ ਹੀ ਪਾਸ ਕਰਦਾ ਸੀ। ਇਸੇ ਪ੍ਰਭਾਵ ਕਾਰਨ ਹੀ ਪਾਸ ਨਾ ਹੋਣ ਵਾਲੇ ਵਿਦਿਆਰਥੀ ਆਪਣੇ ਫੇਲ੍ਹ ਹੋਣ ਦਾ ਠੀਕਰਾ ਉਸ ਉੱਪਰ ਭੰਨਦੇ ਦੇਖੇ ਜਾ ਸਕਦੇ ਹਨ। ਇਸ ਪ੍ਰਭਾਵ ਅਧੀਨ ਹੀ ਦਰਸ਼ਨ ਅਤੇ ਬਾਹਮਣਾਂ ਦਾ ਗਿਆਨ ਫੌਜ ਵਿੱਚ ਭਰਤੀ ਹੋ ਜਾਂਦੇ ਹਨ। ਫੌਜ ਦੀ ਨੌਕਰੀ ਵਿੱਚ ਜਾਨੀ ਨੁਕਸਾਨ ਦੇ ਖਤਰੇ ਨੂੰ ਭਾਂਪਦਿਆਂ ਮਾਪੇ ਆਪਣੇ ਬੱਚਿਆਂ ਨੂੰ ਫੌਜੀ ਬਣਾਉਣ 'ਤੇ ਬਹੁਤਾ ਖੁਸ਼ ਨਹੀਂ ਹੁੰਦੇ ਸਨ, ਇਸੇ ਕਰਕੇ ਘਰਦਿਆਂ ਨਾਲ ਰੁੱਸੇ ਲੜੇ ਹੋਏ ਮੁੰਡੇ ਹੀ ਆਪਣੇ ਘਰਦਿਆਂ ਤੋਂ ਬਦਲਾ ਲੈਣ ਲਈ ਫੌਜ ਵਿੱਚ ਭਰਤੀ ਹੁੰਦੇ ਸਨ, ਘਰਦਿਆਂ ਨੂੰ ਪਤਾ ਲੱਗਣ 'ਤੇ ਉਹ ਦੁਖੀ ਵੀ ਹੁੰਦੇ ਸਨ, ਨਾਂਅ ਕਟਾਉਣ ਲਈ ਯਤਨਸ਼ੀਲ ਵੀ ਰਹਿੰਦੇ ਸਨ। ਇਹ ਵਰਤਾਰਾ ਵੀਹਵੀਂ ਸਦੀ ਦੇ ਤਿੰਨ-ਚਾਰ ਦਹਾਕੇ ਚੱਲਦਾ ਰਿਹਾ। ਪੈਸੇ (ਪੂੰਜੀ) ਦੇ ਹਾਬੜ ਤੋਂ ਅਜੇ ਵਸੋਂ ਦਾ ਵੱਡਾ ਹਿੱਸਾ ਬਚਿਆ ਹੋਣ ਕਰਕੇ ਨੌਕਰੀ ਦੀ ਲੋੜ ਦੀ ਅੱਜ ਵਾਲੀ ਸ਼ਿੱਦਤ ਨਹੀਂ ਸੀ। ਇਸ ਸਮਾਜਿਕ ਸੱਚ ਨੂੰ ਜਸਵੀਰ ਅਚੇਤ ਹੀ ਪੇਸ਼ ਕਰ ਜਾਂਦਾ ਹੈ, ਨਾਲ ਹੀ 'ਰਾਧਾ ਬਾਣੀਆਂ' ਮਾਸਟਰ ਦਾ ਇਕ ਵਿਕਰਾਲ ਰੂਪ ਜੋ ਪੇਸ਼ ਹੋਇਆ ਹੈ, ਉਹ ਅਜੋਕੇ ਵਿਦਿਅਕ ਸਿਸਟਮ ਵਿੱਚ ਭਾਵੇਂ ਕੁਝ ਬਦਲਵੇਂ ਰੂਪ ਵਿੱਚ ਦੇਖਣ ਨੂੰ ਮਿਲਦਾ ਹੈ। ਇੱਥੇ 'ਰਾਧਾ ਬਾਣੀਆ' ਮਾਸਟਰ ਨਾ ਰਹਿ ਕੇ ਇਕ ਵਰਤਾਰਾ ਨਜ਼ਰ ਆਵੇਗਾ, ਜੋ ਅਜੋਕੇ ਯੁੱਗ ਵਿੱਚ ਵਿੱਦਿਆ ਨੂੰ ਇਕ ਵਪਾਰ ਵਜੋਂ ਹੀ ਸਵੀਕਾਰ ਕਰਦਾ ਹੈ। ਉਸ ਸਮੇਂ ਦੇ ਦਰਸ਼ਨ-ਗਿਆਨ ਵਾਂਗ ਅੱਜ ਵੀ ਬਹੁਤੀ ਲੋਕਾਈ ਉਸ 'ਰਾਧਾ ਬਾਣੀਏ' ਵਾਲੇ ਵਰਤਾਰੇ ਕਾਰਨ ਦੁੱਖ ਭੋਗ ਰਹੀ ਹੈ।

ਫੌਜੀ ਦਰਸ਼ਨ ਸਿੰਘ ਦੀ ਜ਼ਿੰਦਗੀ ਦਾ ਅਗਲਾ ਦ੍ਰਿਸ਼ ਉਜਾਗਰ ਹੁੰਦਾ ਹੈ, ਉਹ ਭਾਰਤ-ਪਾਕਿਸਤਾਨ ਦੀ 1965 ਵਾਲੀ ਲੜਾਈ ਵਿੱਚ ਪੰਜਾਬ ਬਾਰਡਰ 'ਤੇ ਤੈਨਾਤ ਹੈ। ਭਾਰਤੀ ਫੌਜ ਪਾਕਿਸਤਾਨ ਵਿੱਚ ਕੁਝ ਪਿੰਡਾਂ ਨੂੰ ਕਬਜ਼ੇ ਵਿੱਚ ਲੈ ਕੇ ਆਪਣੇ ਅਧੀਨ ਕਰ ਲੈਂਦੀ ਹੈ। ਮੁਸਲਮਾਨ ਬਜ਼ੁਰਗ ਜੋ ਡੱਲ ਤੋਂ ਉੱਠ ਕੇ ਗਿਆ ਸੀ, ਉਸ ਅੱਗੇ ਆਪਣੀ ਜਾਨ ਦੀ ਸਲਾਮਤੀ ਲਈ ਬੰਨੇ-ਚੰਨੇ ਦਾ ਹੋਣ ਦਾ ਵਾਸਤਾ ਪਾਉਂਦਾ ਹੈ ਤਾਂ ਦਰਸ਼ਨ ਸਿੰਘ ਆਪਣਾ ਫੌਜੀ ਫਰਜ਼ ਅਤੇ ਡਿਸਪਲਿਨ ਉਲੰਘਦਾ ਹੋਇਆ, ਆਪਣੀ ਉਂਗਲ ਬੰਦੂਕ ਦੇ ਘੋੜੇ ਤੋਂ ਚੁੱਕ ਕੇ 'ਸਾਂਝੀ ਵੱਟ' ਉਪਰ ਜਾ ਚੜ੍ਹਦਾ ਹੈ। ਅਜਿਹਾ ਬਿਰਤਾਂਤ ਥੋੜ੍ਹੇ-ਬਹੁਤ ਫ਼ਰਕ ਨਾਲ ਸੋਹਣ ਸਿੰਘ ਸੀਤਲ ਦੇ ਨਾਵਲ 'ਇਚੋਗਿਲ ਨਹਿਰ ਤੱਕ' ਵਿੱਚ ਵੀ ਸਿਰਜਿਆ ਗਿਆ। ਜਿਸ ਰਾਹੀਂ ਇਸ ਬਿਰਤਾਂਤ ਨੂੰ ਸਿਰਜਣ ਦਾ ਯਤਨ ਹੁੰਦਾ ਆ ਰਿਹਾ ਹੈ ਕਿ 1947 ਵਿੱਚ ਖਿੱਚੀ ਇਹ ਲਕੀਰ ਸਿਰਫ਼ ਜ਼ਮੀਨ 'ਤੇ ਹੀ ਹੈ, ਲਕੀਰ ਦੇ ਆਰ-ਪਾਰ ਵੱਸਦੇ ਲੋਕਾਂ ਦੇ ਮਨਾਂ ਵਿੱਚ ਅਜੇ ਨਹੀਂ ਖਿੱਚੀ ਗਈ। ਅਮਰਗੜ੍ਹ-ਝੱਲ ਉਂਜ ਵੀ ਮਾਲੇਰਕੋਟਲਾ ਰਿਆਸਤ ਦੇ ਪਿੰਡ ਹਨ, ਜਿਥੇ ਅਜੇ ਤੱਕ ਵੀ 'ਸ਼ੇਰ ਮੁਹੰਮਦ ਖਾਨ' ਵਾਲੇ ਮਾਰੇ 'ਹਾਅ ਦਾ ਨਾਅਰਾ' ਦੀ ਗੂੰਜ ਲੋਕ ਦਿਲਾਂ ਵਿੱਚ ਗੂੰਜਦੀ ਰਹਿੰਦੀ ਹੈ, ਪਰ ਇਸ ਨਾਲ ਦਰਸ਼ਨ ਸਿੰਘ ਫੌਜੀ ਰਾਹੀਂ ਇਕ ਅਜਿਹੇ ਬਿਰਤਾਂਤ ਨੂੰ ਪੇਸ਼ ਕੀਤਾ ਗਿਆ ਹੈ, ਜੋ ਸਾਡੇ ਇਸ ਭੂਗੋਲਿਕ ਖਿੱਤੇ ਦੀ ਆਤਮਾ ਵਿੱਚ ਬਹੁਤ ਹੀ ਡੂੰਘਾ ਉੱਕਰਿਆ ਹੋਇਆ ਹੈ। ਦਰਸ਼ਨ ਸਿੰਘ ਫੌਜੀ ਦਾ ਇਹ ਕਿਰਦਾਰ ਉਦੋਂ ਹਾਰਦਾ ਨਜ਼ਰ ਆਉਂਦਾ ਹੈ, ਜਦੋਂ ਰੱਖੜਾ ਖੰਡ ਮਿੱਲ ਵਿੱਚ ਸਿਵਲ ਦੀ ਨੌਕਰੀ ਕਰਦਿਆਂ ਇਕ ਝੂਠੇ ਇਲਜ਼ਾਮ ਵਿੱਚ ਉਹ ਸਰੀਰਕ ਅਤੇ ਮਾਨਸਿਕ ਤਸੀਹੇ ਝੱਲਦਿਆਂ ਹਾਰਦਾ ਨਜ਼ਰ ਆਉਂਦਾ ਹੈ। ਲੇਖਕ ਉਸ ਦੀ ਇਸ ਹਾਰ ਨੂੰ ਉਸ ਦੀ ਜ਼ਿੰਦਗੀ ਦਾ ਮੁਹਾਣ ਹੀ ਬਦਲਣਾ ਮੰਨਦਾ ਹੋਇਆ ਲਿਖਦਾ ਹੈ:

"ਸਿਵਲ-ਵਾਰ ਵਿੱਚ ਮਿਲੀ ਨਮੋਸ਼ੀ ਪਿੱਛੋਂ ਉਹ
ਸ਼ਰਾਬ ਵੱਧ ਪੀਣ ਲੱਗ ਪਿਆ।"

ਮਾਨਵਤਾ ਦੀ ਸਾਂਝੀ ਵੱਟ 'ਤੇ ਬੈਠਾ ਫੌਜੀ ਸਿਵਲ ਵਾਰ ਵਿੱਚ ਅਜਿਹਾ ਹਾਰਦਾ ਹੈ ਕਿ ਉਹ ਧੀ ਦੇ ਵਿਆਹ 'ਤੇ ਵੀ ਆਊਟ ਸਾਈਡਰ ਬਣ ਕੇ ਰਹਿ ਜਾਂਦਾ ਹੈ। ਰੱਖੜਾ ਖੰਡ ਮਿੱਲ ਵਾਲੀ ਘਟਨਾ ਇੱਕ ਇਕਹਿਰੀ ਘਟਨਾ ਜੋ ਫੌਜੀ ਦਰਸ਼ਨ ਸਿੰਘ ਨਾਲ ਵਾਪਰਦੀ ਹੈ ਉਹ ਇਥੇ ਹਰ ਥਾਂ ਹਰ ਮੋੜ ਤੇ ਵਾਪਰ ਰਹੀ ਹੈ, ਅਜਿਹੀ ਘਟਨਾ ਦਾ ਸ਼ਿਕਾਰ ਹੋਏ ਲੋਕਾਂ ਨੂੰ ਇਸ ਦੀ ਗੰਭੀਰਤਾ

23-Feb-Sunday.qxd 2/22/2025 11:22 PM Page 6

‘ਧੁੱਪ ਦੀ ਮਹਿਫ਼ਲ’ ’ਚ ਲੇਖਕਾਂ ਦਾ ਸਨਮਾਨ

ਨਵੀਂ ਦਿੱਲੀ : ਪੰਜਾਬੀ ਸਾਹਿਤ ਸਭਾ (ਰਜਿ.) ਵੱਲੋਂ ਆਪਣੀ ‘ਧੁੱਪ ਦੀ ਮਹਿਫ਼ਲ’ ਦਾ ਪ੍ਰੋਗਰਾਮ, ਨਵਯੁੱਗ ਫਾਰਮ ਦਿੱਲੀ ਵਿਖੇ ਆਯੋਜਿਤ ਕੀਤਾ ਗਿਆ, ਜਿਸ ਦੀ ਪ੍ਰਧਾਨਗੀ ਡਾ. ਰਘਬੀਰ ਸਿੰਘ (ਸਿਰਜਣਾ) ਨੇ ਕੀਤੀ।ਮੰਚ ਦਾ ਸੰਚਾਲਨ ਲੇਖਿਕਾ ਡਾ. ਵਨੀਤਾ ਨੇ ਬੜੀ ਬਾਖੂਬੀ ਨਾਲ ਨਿਭਾਉਂਦਿਆਂ ਪੰਜਾਬੀ ਸਾਹਿਤ ਸਭਾ (ਰਜਿ.) ਦੇ ਪਿਛੋਕੜ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਅਤੇ ਪੰਜਾਬੀ ਸਾਹਿਤ ਸਭਾ ਵੱਲੋਂ ਚਲਾਈਆਂ ਜਾ ਰਹੀਆਂ 200 ਲਾਇਬ੍ਰੇਰੀਆਂ, ਲੋੜਵੰਦ ਲੇਖਕਾਂ, ਵਿਦਿਆਰਥੀਆਂ ਨੂੰ ਮਾਲੀ ਸਹਾਇਤਾ ਅਤੇ ਭਾਪਾ ਪ੍ਰੀਤਮ ਸਿੰਘ ਵੱਲੋਂ ਪੰਜਾਬੀ ਲੇਖਕਾਂ ਨੂੰ ਤੋਹਫ਼ੇ ਵਜੋਂ ਦਿੱਤੇ ਪੰਜਾਬੀ ਭਵਨ ਦਾ ਜ਼ਿਕਰ ਕੀਤਾ।ਇਸ ਮੌਕੇ ਸਭਾ ਦੇ ਪ੍ਰਧਾਨ ਪ੍ਰੋ. ਗੁਲਜ਼ਾਰ ਸਿੰਘ ਸੰਧੂ ਨੇ ਭਾਪਾ ਪ੍ਰੀਤਮ ਸਿੰਘ ਨੂੰ ਯਾਦ ਕਰਦਿਆਂ ਦੱਸਿਆ ਕਿ ਉਨ੍ਹਾਂ ਨੇ ਇਸ ਮਹਿਫ਼ਲ ਦੀ ਆਰੰਭਤਾ ਕਿਵੇਂ ਕੀਤੀ ਅਤੇ ਸਾਰੇ ਲੇਖਕਾਂ ਤੇ ਹੋਰਾਂ ਨੂੰ ਇਸ ਨਾਲ ਕਿਵੇਂ ਜੋੜਿਆ।ਇਸ ਪ੍ਰੋਗਰਾਮ ਦੇ ਪਹਿਲੇ ਸੈਸ਼ਨ ਵਿਚ ਸਾਹਿਤਕਾਰ ਬਲਬੀਰ ਪਰਵਾਨਾ, ਬਲਦੇਵ ਸਿੰਘ ਸੜਕਨਾਮਾ ਅਤੇ ਫ਼ਿਲਮਸਾਜ਼ ਗੁਰਵਿੰਦਰ ਸਿੰਘ ਨੂੰ ਉਨ੍ਹਾਂ ਦੀਆਂ ਸਾਹਿਤਕ ਸੇਵਾਵਾਂ ਨੂੰ ਵੇਖਦੇ ਹੋਏ ਸਨਮਾਨਿਤ ਕੀਤਾ ਗਿਆ।ਸਨਮਾਨਿਤ ਕੀਤੇ ਜਾਣ ਦੀ ਰਸਮ ਵਿਚ ਪ੍ਰਧਾਨਗੀ ਮੰਡਲ ਵਿਚ ਬੈਠੇ ਡਾ. ਰਘਬੀਰ ਸਿੰਘ (ਸਿਰਜਣਾ), ਪ੍ਰੋ. ਰੇਣੁਕਾ ਸਿੰਘ, ਚੇਅਰਪਰਸਨ, ਪੰਜਾਬੀ ਸਾਹਿਤ ਸਭਾ, ਪ੍ਰਧਾਨ ਗੁਲਜ਼ਾਰ ਸਿੰਘ ਸੰਧੂ, ਸਕੱਤਰ ਬਚਿੰਤ ਕੌਰ ਤੇ ਮੈਂਬਰ ਡਾ. ਵਨੀਤਾ ਸ਼ਾਮਲ ਸਨ।ਸਨਮਾਨ ਵਿਚ ਸ਼ਾਲ, ਸਨਮਾਨ ਚਿੰਨ੍ਹ, ਮਾਣ ਪੱਤਰ ਤੇ 51-51 ਹਜ਼ਾਰ ਦੀ ਰਾਸ਼ੀ ਦਿੱਤੀ ਗਈ।

ਦੂਜੇ ਸੈਸ਼ਨ ਵਿਚ ਕੁਝ ਪੁਸਤਕਾਂ ਦਾ ਲੋਕਾਰਪਣ ਕੀਤਾ ਗਿਆ, ਜਿਨ੍ਹਾਂ ਵਿਚ ਭੁੱਬਲ ਦੀ ਅੱਗ (ਬਚਿੰਤ ਕੌਰ), ਬੋਲ ਮਿੱਟੀ ਦਿਆ ਬਾਵਿਆ-ਭਾਗ ਦੂਜਾ (ਡਾ. ਨਰੇਸ਼), ਲਿਖਤੁਮ ਸੁਖਬੀਰ (ਸੁਖਬੀਰ), ਆਪਣੀ ਹੋਂਦ ਦੀ ਭਾਲ ਵਿਚ ਸਿਮਰਨ (ਅਨੁ: ਮਿਸਰਦੀਪ ਭਾਟੀਆ), ਆਈ ਮੈੱਟ ਬਿਊਟੀਫੁਲ ਗਰਲਜ਼ (ਵਰਿਆਮ ਮਸਤ), ਜੇਬ ਵਿਚਲਾ ਬ੍ਰਹਿਮੰਡ (ਰੂਪ ਸਿੰਘ), ਸਾਕਾ 1947 : ਸੁਰਤ-ਬੇਸੁਰਤ ਕਰਤਾ ਭਾਈ ਵੀਰ ਸਿੰਘ (ਸੰਪਾ: ਹਰਵਿੰਦਰ ਸਿੰਘ) ਅਤੇ ਜ਼ਿੰਦਗੀ (ਰਣਜੀਤ ਕੌਰ ਜੀਤ) ਆਦਿ ਹੋਰ ਪੁਸਤਕਾਂ ਸ਼ਾਮਲ ਸਨ।ਇਸ ਪ੍ਰੋਗਰਾਮ ਵਿਚ ਦੇਸ਼-ਵਿਦੇਸ਼ ਤੋਂ ਲੇਖਕ, ਬੁੱਧੀਜੀਵੀ, ਪੰਜਾਬੀ ਪ੍ਰੇਮੀ ਅਤੇ ਖੋਜਾਰਥੀ ਸ਼ਾਮਲ ਸਨ।ਅਖ਼ੀਰ ਵਿਚ ਪ੍ਰੋ. ਰੇਣੁਕਾ ਸਿੰਘ ਨੇ ‘ਧੁੱਪ ਦੀ ਮਹਿਫ਼ਲ’ ਵਿਚ ਆਏ ਸਾਰਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ।

—ਪ੍ਰੋ: ਕੁਲਜੀਤ ਸ਼ੈਲੀ

ਰਾਮ ਸਰੂਪ ਅਣਖੀ ਦੀ 15ਵੀਂ ਬਰਸੀ ਮੌਕੇ ਸਮਾਗਮ

ਬਰਨਾਲਾ-ਰਾਮ ਸਰੂਪ ਅਣਖੀ ਸਾਹਿਤ ਸਭਾ (ਰਜਿ.) ਧੌਲਾ ਵੱਲੋਂ ਪੰਜਾਬੀ ਦੇ ਕਥਾਕਾਰ ਰਾਮ ਸਰੂਪ ਅਣਖੀ ਦੀ 15ਵੀਂ ਬਰਸੀ ਮੌਕੇ ਇੱਕ ਸਾਹਿਤਕ ਸਮਾਗਮ ਅਰੁਣ ਮੈਮੋਰੀਅਲ ਕਮਿਊਨਿਟੀ ਐਂਡ ਕਲਚਰ ਸੈਂਟਰ ਸੰਘੇੜ, ਬਰਨਾਲਾ ਵਿਖੇ ਕਰਵਾਇਆ ਗਿਆ। ਸਮਾਗਮ ਵਿੱਚ ਹਲਕਾ ਭਦੌੜ ਤੋਂ ਵਿਧਾਇਕ ਲਾਭ ਸਿੰਘ ਉਗੋਕੇ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸਮਾਗਮ ਵਿੱਚ ਉਚੇਚੇ ਤੌਰ ’ਤੇ ਪੁੱਜੇ ਵਿਧਾਇਕ ਲਾਭ ਸਿੰਘ ਉਗੋਕੇ ਨੇ ਸੰਬੋਧਨ ਕਰਦਿਆਂ ਕਿਹਾ ਕਿ ਗਲਪਕਾਰ ਰਾਮ ਸਰੂਪ ਅਣਖੀ ਸਾਹਿਤ ਦਾ ਇੱਕ ਸੁਨਹਿਰਾ ਯੁੱਗ ਸੀ। ਅਣਖੀ ਇੱਕ ਪ੍ਰਭਿਤਾਸ਼ਾਲੀ ਸ਼ਖਸੀਅਤ ਸਨ, ਜਿਨ੍ਹਾਂ ਨੇ ਪੰਜਾਬੀ ਸਾਹਿਤ ਵਿੱਚ ਨਿੱਠ ਕੇ ਪੂਰਾ ਯੋਗਦਾਨ ਪਾਇਆ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਰਾਮ ਸਰੂਪ ਅਣਖੀ ਦੇ ਨਾਂਅ ਪਰ ਉਨ੍ਹਾਂ ਦੇ ਜੱਦੀ ਪਿੰਡ ਧੌਲਾ ਵਿਖੇ 45 ਲੱਖ ਰੁਪਏ ਦੀ ਲਾਗਤ ਨਾਲ ਇੱਕ ਲਾਇਬਰੇਰੀ ਬਣਾਈ ਹੈ, ਜਿਸ ਨੂੰ ਮਾਰਚ ਮਹੀਨੇ ਵਿੱਚ ਸ਼ੁਰੂ ਕਰ ਦਿੱਤਾ ਜਾਵੇਗਾ। ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਸਭਾ ਦੇ ਸਰਪ੍ਰਸਤ ਗੁਰਸੇਵਕ ਸਿੰਘ ਧੌਲਾ ਅਤੇ ਕਾਰਜਕਾਰੀ ਪ੍ਰਧਾਨ ਦੀਪਅਮਨ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਰਾਮ ਸਰੂਪ ਅਣਖੀ ਦੇ ਨਾਂਅ ’ਤੇ ਲਾਇਬਰੇਰੀ ਬਣਾਉਣਾ ਇੱਕ ਸ਼ਲਾਘਾਯੋਗ ਕਾਰਜ ਹੈ, ਜਿਸ ਨਾਲ ਆਉਣ ਵਾਲੀ ਨੌਜਵਾਨ ਪੀੜ੍ਹੀ ਸਾਹਿਤ ਨਾਲ ਜੁੜੇਗੀ। ਸਮਾਗਮ ਦੀ ਪ੍ਰਧਾਨਗੀ ਕਰ ਰਹੇ ਡਾ. ਸਤਨਾਮ ਸਿੰਘ ਜੱਸਲ, ਗੀਤਕਾਰ ਮਨਪ੍ਰੀਤ ਟਿਵਾਣਾ ਅਤੇ ਫਿਲਮ ਸਮੀਖਿਆਕਾਰ ਡਾ. ਦੀਪ ਜਗਦੀਪ ਨੇ ਅਣਖੀ ਦੇ ਨਾਵਲਾਂ ਬਾਰੇ ਆਪਣੇ ਵਿਚਾਰ ਪੇਸ਼ ਕੀਤੇ।

ਪ੍ਰਬੰਧਕਾਂ ਵੱਲੋਂ ਇਸ ਮੌਕੇ ਵਿਧਾਇਕ ਲਾਭ ਸਿੰਘ ਉਗੋਕੇ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਤੇਜਾ ਸਿੰਘ ਤਿਲਕ, ਭੋਲਾ ਸਿੰਘ ਸੰਘੇੜਾ, ਦਰਸ਼ਨ ਜੋਗਾ, ਗੁਰਚੇਤ ਫੱਤੇਵਾਲੀਆ, ਡਾ. ਕਰਾਂਤੀ ਪਾਲ, ਪਾਲੀ ਖਾਦਿਮ, ਡਾ. ਭੁਪਿੰਦਰ ਸਿੰਘ ਬੇਦੀ, ਰਾਮ ਸਰੂਪ ਸ਼ਰਮਾ, ਸੁਰਿੰਦਰਪ੍ਰੀਤ ਘਣੀਆਂ, ਪਰਮਜੀਤ ਮਾਨ, ਬਿੰਦਰ ਸਿੰਘ ਖੁੱਡੀ ਕਲਾਂ, ਪਵਨ ਪਰਿੰਦਾ, ਬੇਅੰਤ ਸਿੰਘ ਬਾਜਵਾ ਆਦਿ ਨੇ ਅਣਖੀ ਨਾਲ ਸਾਂਝੀਆਂ ਯਾਦਾਂ ਨੂੰ ਤਾਜ਼ਾ ਕੀਤਾ। ਇਸ ਮੌਕੇ ਪਰਮਜੀਤ ਰਤਨ, ਸਮਰਜੀਤ ਸਿੰਘ ਪੰਚ, ਗੁਰਪ੍ਰੀਤ ਗੈਰੀ, ਹੈਰੀ ਭੋਲੂਆਣਾ, ਅਸ਼ੋਕ ਦਬੜ੍ਹੀਖਾਨਾ, ਸੁਭਾਸ਼ ਸਿੰਗਲਾ, ਅਮਨਦੀਪ ਸਿੰਘ ਧੌਲਾ, ਹਰੀਸ਼ ਸ਼ਰਮਾ, ਪ੍ਰਿੰ. ਸੁਖਵਿੰਦਰ ਸਿੰਘ ਆਦਿ ਹਾਜ਼ਰ ਸਨ।

—ਬੇਅੰਤ ਸਿੰਘ ਬਾਜਵਾ

ਸਮਕਾਲ

ਸੰਵਾਦ : ਦੇਸ਼ ਵੰਡ ’ਤੇ ਵਿਸ਼ੇਸ਼ ਸਮੱਗਰੀ

ਸੰਵਾਦ ਦਾ 21ਵਾਂ ਅੰਕ ਜਨਵਰੀ-ਜੂਨ, 2025 ਆਪਣੀ ਵੰਨ ਸੁਵੰਨੀ ਸਮੱਗਰੀ ਲੈ ਕੇ ਛਪ ਗਿਆ ਹੈ। ਰੈਫ਼ਰੀਡ ਖੋਜ ਰਸਾਲੇ ਵਿੱਚ ਦੇਸ਼ ਵੰਡ ਉੱਤੇ ਵਿਸ਼ੇਸ਼ ਸਮੱਗਰੀ ਪ੍ਰਕਾਸ਼ਤ ਕੀਤੀ ਗਈ ਹੈ। ਸੰਪਾਦਕੀ ਵਿੱਚ ‘ਮੈਟਾਫ਼ਰ ਦੀ ਸ਼ਕਤੀ ਨੂੰ ਮੁੜ ਚਿਤਵਦਿਆਂ’ ਤਹਿਤ ਮਹੱਤਵਪੂਰਨ ਮੁੱਦੇ ’ਤੇ ਸੰਵਾਦ ਤੋਰਿਆ ਗਿਆ ਹੈ। ਮੈਟਾਫ਼ਰ ਸਾਹਿਤ ਦੀ ਉਹ ਸ਼ਕਤੀ ਹੁੰਦਾ ਹੈ, ਜਿਸ ਨਾਲ ਰਚਨਾ ਉੱਚ ਪਾਏ ਦੀ ਬਣਦੀ ਹੈ। ਅਮਰਜੀਤ ਸਿੰਘ ਗਰੇਵਾਲ ਹੁਰਾਂ ‘ਕੁਆਂਟਮ ਕਾਵਿ-ਸ਼ਾਸਤਰ’ ਤਹਿਤ ਸੁਰਜੀਤ ਪਾਤਰ ਦੀਆਂ ਦੋ ਕਵਿਤਾਵਾਂ ਦਾ ਵਿਸ਼ਲੇਸ਼ਣ ਕੀਤਾ ਹੈ। ਵੰਡ ਬਾਰੇ ਪੰਜ ਲੇਖ ਛਪੇ ਹਨ। ਵੰਡ ਨਾਲ ਸੰਬੰਧਤ ਡਾ. ਰਣਜੀਤ ਸਿੰਘ ਘੁੰਮਣ ਦਾ ਲੇਖ ‘ਦੇਸ਼ ਵੰਡ ਦਾ ਪੰਜਾਬ ਦੇ ਅਰਥਚਾਰੇ ਉਪਰ ਪ੍ਰਭਾਵ : ਇਸ ਸੰਖੇਪ ਵਿਸ਼ਲੇਸ਼ਣ’, ਡਾ. ਸੁਖਦੇਵ ਸਿੰਘ ਸੋਹਲ ਦਾ ‘ਪੰਜਾਬ ਵੰਡ (1947) ਭੂਗੋਲ, ਆਰਥਿਕਤਾ ਅਤੇ ਕਿਸਾਨੀ ਉੱਪਰ ਪ੍ਰਭਾਵ’ ਅਤੇ ਡਾ. ਅਮਨਪ੍ਰੀਤ ਸਿੰਘ ਗਿੱਲ ਦਾ ਲੇਖ ‘ਪੰਜਾਬ ਦੀ ਵੰਡ : ਇਕ ਤ੍ਰਾਸਦੀ ਦੇ ਛੇ ਅਧਿਆਇ’ ਆਦਿ ਮਹੱਤਪੂਰਨ ਲੇਖਾਂ ਵਿੱਚ ਪੰਜਾਬ ਦੇ ਅਰਥਚਾਰੇ ਉਪਰ ਪ੍ਰਭਾਵ, ਵਾਹਗਾ ਅਟਾਰੀ ਸਰਹੱਦ ਦੇ ਵਪਾਰ ਬੰਦ ਹੋਣ ਦਾ ਨੁਕਸਾਨ, ਕਤਲੋਗਾਰਤ, ਕਿਸਾਨੀ ਤੇ ਅਰਥ ਵਿਵਸਥਾ ਉੱਤੇ ਅਸਰ, ਸਾਂਝ ਤੇ ਵੰਡ, ਪੂਰਬੀ ਤੇ ਪੱਛਮੀ ਪੰਜਾਬ, ਹੈਵਾਨੀਅਤ ਤੇ ਇਨਸਾਨੀਅਤ, ਉਜਾੜਾ ਅਤੇ ਵਸੇਬਾ, ਸਿਮਰਤੀ ਤੇ ਬਿਰਤਾਂਤ, ਸਿਆਸਤ ਤੇ ਵਿਰਾਸਤ ਆਦਿ ਮੁੱਦਿਆਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਦੋ ਲੇਖ ਵੰਡ ਨਾਲ ਸਬੰਧਤ ਕਿਤਾਬਾਂ ਬਾਰੇ ਹੈ। ਇਕ ਡਾ. ਮਹਿਲ ਸਿੰਘ ਦਾ ਹੈ ‘ਤੂਤਾਂ ਵਾਲਾ ਖੂਹ : ਸਮਾਜ-ਇਤਿਹਾਸ ਦਾ ਗਲਪੀ ਦਸਤਾਵੇਜ਼’ ਅਤੇ ‘ਲਾਹੌਰ ਦਾ ਪਾਗਲਖਾਨਾ :ਦੇਸ਼ ਵੰਡ ਬਾਰੇ ਇਕ ਮਹੱਤਵਪੂਰਨ ਦਸਤਾਵੇਜ਼’ (ਡਾ. ਰੁਪਿੰਦਰ ਕੌਰ), ਵੰਡ ਦੇ ਆਰ ਪਾਰ ਦੇ ਹਿੰਦੂ-ਸਿੱਖ ਕਲਚਰ ਦਾ ਇਤਿਹਾਸ ਤੇ ਸਮਾਜ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ। ਅਗਾਹ ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ : ਪੰਜਾਬੀ ਲੋਕਧਾਰਾ ਦਾ ਭਰ ਵਹਿੰਦਾ ਦਰਿਆ (ਡਾ. ਜਸਵਿੰਦਰ ਸਿੰਘ), ਸਰੋਦ ਸੁਦੀਪ : ਸਗਲ ਸਰੂਪ ਦਾ ਸੰਕੇਤੀ ਸੰਚਾਰ (ਡਾ. ਸਰਬਜੀਤ ਸਿੰਘ), ਉੱਤਰ-ਆਧੁਨਿਕ ਦੌਰ ਦਾ ਨਾਰੀਵਾਦ ਅਤੇ ਸਮਕਾਲੀ ਪੰਜਾਬੀ ਕਹਾਣੀ (ਡਾ. ਪਰਮਜੀਤ ਕੌਰ ਸਿੱਧੂ), ਬਾਰਹਮਾਹ ਤੁਖਾਰੀ : ਵਿਯੋਗ ਗ੍ਰਸਤ ਇਸਤਰੀ ਦੀ ਵੇਦਨਾ ਦਾ ਕਾਵਿ-ਕਥਨ (ਡਾ. ਪਰਮਿੰਦਰ ਸਿੰਘ), ਧ੍ਰੁਨੀ ਸਿਧਾਂਤ ਦੇ ਪ੍ਰਸੰਗ ਵਿੱਚ ‘ਹੀਰ ਵਾਰਿਸ’ ਦਾ ਵਿਸ਼ਲੇਸ਼ਣ (ਡਾ. ਰਜਨੀ ਬਾਲਾ), ਪਾਂਧੀ ਨਨਕਾਣਵੀਂ ਦੇ ਨਾਟਕ : ‘ਰਾਤ ਵੇਲੇ ਸਰਘੀ ਵੇਲੇ’ ਦੀਆਂ ਸੰਵਾਦੀ ਜੁਗਤਾਂ (ਨਿੰਦਰਪਾਲ ਸਿੰਘ ਅਤੇ ਡਾ. ਨਛੱਤਰ ਸਿੰਘ), ਸਾਹਿਤ ਬਿਰਤਾਂਤ, ਡਿਜੀਟਲ ਸੰਚਾਰ ਅਤੇ ਸੱਤਾ (ਡਾ. ਸਰਬਜੀਤ ਸਿੰਘ), ਡਾ. ਜੋਗਿੰਦਰ ਸਿੰਘ ਰਾਹੀ ਦਾ ਨਾਵਲ ਚਿੰਤਨ ਅਤੇ ਸਮਕਾਲੀ ਪੰਜਾਬੀ ਨਾਵਲ ਆਲੋਚਨਾ (ਡਾ. ਪ੍ਰਕਾਸ਼ ਸਿੰਘ), ਗਾਈਤਰੀ ਚੱਕਰਵਰਤੀ ਸਪੀਵਾਕ ਦਾ ਸਬਾਲਟਰਨ ਪਰਿਪੇਖ (ਡਾ. ਸਤਵੀਰ ਸਿੰਘ), ਅੱਲਾਮਾ ਇਕਬਾਲ ਦੀ ਪੰਜਾਬੀਅਤ : ਆਲੋਚਨਾਤਮਕ ਦ੍ਰਿਸ਼ਟੀਕੋਣ (ਡਾ. ਗੁਰਪ੍ਰੀਤ ਸਿੰਘ ਸੋਢੀ), ਲੈਵਿਸ ਹੈਨਰੀ ਮਾਰਗਨ ਦਾ ਚਿੰਤਨ : ‘ਪੁਰਾਤਨ ਸਮਾਜ’ ਦੇ ਪ੍ਰਸੰਗ ਵਿੱਚ (ਦਲਜੀਤ ਕੌਰ), ਵਾਰਿਸ ਸ਼ਾਹ ਰਚਿਤ (ਹੀਰ’ ਵਿੱਚ ਛੰਦ, ਤਾਲ, ਰਾਗ ਅਤੇ ਰਸ ਦਾ ਅੰਤਰ-ਸਬੰਧ (ਡਾ. ਪਵਨ ਸਰਵਰ), ਕਸ਼ਮੀਰ ਸੰਕਟ, ਇਤਿਹਾਸ ਅਤੇ ਸਮਕਾਲ ਨਾਲ ਸਬੰਧਤ ਪੰਜਾਬੀ ਨਾਵਲ ਸਮਾਜ ਸਭਿਆਚਾਰਕ ਪਰਿਪੇਖ (ਕੁਲਜੀਤ ਸਿੰਘ), ਸੁਖਜੀਤ ਦਾ ਕਹਾਣੀ ਜਗਤ : ਵਸਤੂ ਅਤੇ ਵਿਧੀ (ਡਾ. ਨਵਜੋਤ ਕੌਰ) ਆਦਿ ਮਹੱਤਪੂਰਨ ਲੇਖਾਂ ਦਾ ਮਿਆਰ ਉੱਚ ਪਾਏ ਦਾ ਹੈ। ਡਾ. ਮਹਿਲ ਸਿੰਘ ਨੇ ‘ਚੁਰਾਸੀ ਲੱਖ ਯਾਦਾਂ’ ਨਾਵਲ ਦੇ ਰੀਵਿਊ ਵਿੱਚ ਨਾਵਲ ਦੀ ਟੈਕਸਟ, ਪਾਤਰਾਂ, ਵਿਸ਼ੇ ਤੇ ਸ਼ੈਲੀ ਆਦਿ ਪਾਸਾਰਾ ਨੂੰ ਸਵਾਲਾਂ ਦੇ ਘੇਰੇ ਵਿੱਚ ਲਿਆ ਹੈ। ਡਾ. ਯਾਦਵਿੰਦਰ ਸਿੰਘ ਨੇ ਵੀ ਇਸੇ ਨਾਵਲ ਦੀ ਲੰਮੀ ਚੌੜੀ ਸਿਧਾਂਤਕੀ ਦਿੱਤੀ ਹੈ। ਬਾਕੀ ਮਨੁ ਪੰਖੀ ਭਇਓ (ਨਾਵਲ) ਮਨਮੋਹਨ ਤੇ ਪੰਜਾਬੀ ਸਾਹਿਤ ਇਤਿਹਾਸ ਤੇ ਇਤਿਹਾਸਕਾਰੀ(ਆਲੋਚਨਾ) ਡਾ. ਹਰਿਭਜਨ ਸਿੰਘ ਪੁਸਤਕਾਂ ਦੇ ਰੀਵਿਊ ਵੀ ਛਪੇ ਹਨ। ਸਮੁੱਚੇ ਅੰਕ ਦਾ ਮਿਆਰ ਉੱਚ ਪਾਏ ਦਾ ਹੈ। ਰਸਾਲਾ ਛੇ ਮਹੀਨੇ ਬਾਅਦ ਛਪਦਾ ਹੈ।



ਸੰਵਾਦ ਦੇ ਸਰਪ੍ਰਸਤ : ਡਾ. ਅਰਵਿੰਦਰ ਕੌਰ ਕਾਹਲੋਂ, ਮੁੱਖ ਸੰਪਾਦਕ : ਡਾ. ਆਤਮ ਸਿੰਘ ਰੰਧਾਵਾ (98722-17273) ਹਨ। ਇਕ ਅੰਕ : 200 ਰੁਪਏ ਤੇ ਪੰਨੇ : 172 ਹਨ। ਪਤਾ : ਪੰਜਾਬੀ ਅਧਿਐਨ ਵਿਭਾਗ, ਖ਼ਾਲਸਾ ਕਾਲਜ ਅੰਮ੍ਰਿਤਸਰ।

ਆਬਰੂ : ਨਵੇਂ ਆਲੋਚਕਾ ਦਾ ਜਰਨਲ

‘ਆਬਰੂ’ ਦਾ ਜਨਵਰੀ-ਮਾਰਚ, 25 ਅੰਕ ਆਲੋਚਨਾ ਦੇ ਵੰਨ-ਸੁਵੰਨੇ ਲੇਖ ਛਾਪ ਕੇ ਹਾਜ਼ਰ ਹੋਇਆ ਹੈ। ਹੱਥਲੇ ਪਰਚੇ ਵਿੱਚ ਸਾਹਿਤ ਦੀਆਂ ਵੱਖ-ਵੱਖ ਵਿਧਾਵਾ ਨਾਵਲ, ਕਹਾਣੀ, ਕਵਿਤਾ, ਨਾਟਕ, ਫਿਲਮਾ, ਸਭਿਆਚਾਰ, ਸੂਫ਼ੀ ਕਾਵਿ, ਗੁਰਬਾਣੀ, ਵੀਰ ਕਾਵਿ, ਭਾਸ਼ਾ, ਸਵੈ-ਜੀਵਨੀ, ਆਦਿ ਦੇ ਵੱਖ ਵੱਖ ਮੁੱਦਿਆਂ ਉੱਤੇ 60 ਆਲੋਚਨਾ ਲੇਖ ਪ੍ਰਕਾਸ਼ਤ ਕੀਤੇ ਗਏ ਹਨ। ਸੰਪਾਦਕੀ ਵਿੱਚ ਬਲਜੀਤ ਸਿੰਘ ਰੈਨਾ ਨੇ ਸਾਹਿਤਕ ਮੁੱਦੇ ਛੱਡ ਕੇ ਚੋਣਾਂ ਤੇ ਜੰਗ ਦੇ ਦੁਖਾਂਤ ਬਾਰੇ ਲਿਖਿਆ ਹੈ। ਹੱਥਲੇ ਜਨਰਲ ਵਿੱਚ ਨਵਲਦੀਪ ਸ਼ਰਮਾ, ਰਾਜਵਿੰਦਰ ਕੌਰ, ਡਾ. ਨਵਨੀਤ ਚੋਪੜਾ, ਜਤਿੰਦਰ ਪਾਲ, ਗੁਰਪ੍ਰੀਤ ਸਿੰਘ, ਜਸਪ੍ਰੀਤ ਕੌਰ, ਸਤਵੰਤ ਸਿੰਘ, ਤਰਵਿੰਦਰ ਕੌਰ, ਜਸਦੀਪ ਕੌਰ, ਅਮਨਦੀਪ ਕੌਰ, ਜੁਗਪ੍ਰੀਤ ਕੌਰ, ਕਿਰਪਾਲ ਸਿੰਘ, ਬਿੰਦਰ ਸਿੰਘ ਭੁਮਸੀ, ਹਰਸਿਮਰਨ ਸਿੰਘ, ਪਰਮਜੀਤ ਸਿੰਘ, ਕਿਰਨਦੀਪ ਸਿੰਘ, ਜਸਵਿੰਦਰ ਕੌਰ, ਲਤਾ ਖੇੜਾ, ਜ਼ਮੀਰਪਾਲ ਕੌਰ ਸੰਧੂ, ਜਗਦੀਪ ਸਿੰਘ ਸਿੱਧੂ, ਪਵਨ ਕੁਮਾਰ, ਦੇਵਿੰਦਰ ਜੀਤ ਕੌਰ, ਰਾਜਵੰਤ ਕੌਰ ਪੰਜਾਬੀ, ਰਾਜਵਿੰਦਰ ਸ਼ਰਮਾ, ਚਰਨਜੀਤ ਸਿੰਘ, ਕਿਰਨ ਗਰਗ ਤੇ ਜਸਮੀਤ ਸਿੰਘ ਤੇ ਹੋਰਨਾਂ ਦੇ ਆਲੋਚਨਾ ਲੇਖ ਛਪੇ ਹਨ।

ਆਬਰੂ ਦੇ ਹੱਥਲੇ ਅੰਕ ਦਾ ਮੁੱਲ : 150 ਰੁਪਏ, ਪੰਨੇ : 212, ਸੰਪਾਦਕ : ਬਲਜੀਤ ਸਿੰਘ ਰੈਨਾ (97976-57211) ਹਨ।

ਪ੍ਰਾਇਮਰੀ ਸਿੱਖਿਆ : 11 ਬਾਲ ਕਹਾਣੀਆਂ ਦਾ ਸੰਗਮ

‘ਪ੍ਰਾਇਮਰੀ ਸਿੱਖਿਆ’ ਦਾ ਫਰਵਰੀ, 2025 ਅੰਕ ਛਪ ਚੁੱਕਾ ਹੈ। ਸੰਪਾਦਕੀ ਬਸੰਤ ਰੁੱਤ ਉੱਤੇ ਹੈ। ਹੱਥਲੇ ਅੰਕ ਵਿੱਚ ਚਲਾਕ ਲੂੰਬੜੀ ਸੁਧਰ ਗਈ (ਨਿਤਿਨ ਸੁਮਨ), ਵਿੱਦਿਆ ਦਾ ਫ਼ਲ (ਦਰਸ਼ਨ ਸਿੰਘ ਬਠੂੜ), ਨਿੱਕੂ ਦੀ ਪਤੰਗਬਾਜ਼ੀ (ਸਾਧੂ ਰਾਮ ਲੰਗੇਆਣਾ), ਫੁੱਲਾਂ ਦਾ ਅਧਿਆਪਕ (ਰਵਿੰਦਰ ਰੁਪਾਲ ਕੌਲਗੜ), ਚੁਆਨੀ ਦੇ ਇਨਾਮ ਨੇ ਲਿਖਾਰੀ ਬਣਾ ਦਿੱਤਾ (ਰਾਜਿੰਦਰ ਸਿੰਘ ਚਾਨੀ), ਮੋਤੀ ਜਿਹਾ ਪਿਆਰਾ (ਰਘੁਵੀਰ ਸਿੰਘ ਕਲੋਆ), ਹਿੰਮਤ (ਰਵੀਰ ਮਾਨ), ਖ਼ਾਨਾ (ਕਰਮਜੀਤ ਸਿੰਘ ਗਰੇਵਾਲ), ਜਾਦੂ ਦੀ ਗਾਂ (ਹਰਪ੍ਰੀਤ ਪੱਤੋ), ਕੰਜੂਸ ਜਗਨ ਨਾਥ (ਐੱਸ. ਅਸ਼ੋਕ ਭੌਰਾ), ਤਾਰੇ ਜੁਗਨੂੰ ਬਣੇ (ਸੁਖਦੇਵ ਕੌਰ ਗਿੱਲ) ਆਦਿ ਸਿੱਖਿਆਦਾਇਕ 11 ਕਹਾਣੀਆਂ ਛਪੀਆਂ ਹਨ। ਫੈਸਲ ਖਾਨ, ਅਮਰਜੀਤ ਸਿੰਘ ਫੌਜੀ, ਮਨਦੀਪ ਕੌਰ ਰ

ਜੋਗੇ ਭੰਗਲ ਮੁੱਖ ਤੌਰ 'ਤੇ ਵੱਡੀ ਕਹਾਣੀ ਲਿਖਦਾ ਹੈ। ਉਸ ਦੇ ਦੋ ਕਹਾਣੀ ਸੰਗ੍ਰਹਿ ਛਪ ਚੁੱਕੇ ਹਨ। ਉਸ ਨੇ ਮੁੱਖ ਤੌਰ 'ਤੇ ਸਮਾਜਿਕ ਅਤੇ ਨੈਤਿਕ ਮਸਲੇ ਆਪਣੀਆਂ ਕਹਾਣੀਆਂ 'ਚ ਉਭਾਰੇ ਹਨ। ਇਨ੍ਹਾਂ ਮਿੰਨੀ ਕਹਾਣੀਆਂ ਵਿੱਚ ਉਸ ਨੇ ਸਿੱਖਿਆ ਵਿਭਾਗ ਨਾਲ ਜੁੜੇ ਵਿਸ਼ਿਆਂ ਨੂੰ ਲਿਆ ਹੈ। ਸਾਡਾ ਸਿੱਖਿਆ ਤੰਤਰ ਕਈ ਤਰ੍ਹਾਂ ਦੇ ਮਸਲਿਆਂ ਨਾਲ ਦੋ-ਚਾਰ ਹੋ ਰਿਹਾ ਹੈ। ਸਿੱਖਿਆ ਦੇਣ ਵਾਲੇ ਅਧਿਆਪਕ, ਦਫ਼ਤਰਾਂ ਦਾ ਅਮਲਾ ਅਤੇ ਸਿੱਖਿਆ ਲੈਣ ਵਾਲੇ ਵਿਦਿਆਰਥੀ ਨਾਲ ਸੰਬੰਧਤ ਬਿਰਤਾਂਤ ਇਨ੍ਹਾਂ ਕਹਾਣੀਆਂ ਵਿੱਚ ਉਭਾਰਿਆ ਹੈ। ਵਾਰਤਾਲਾਪੀ ਸ਼ੈਲੀ ਨਾਲ ਉਹ ਕਹਾਣੀਆਂ ਦਾ ਬਿਰਤਾਂਤ ਉਸਾਰਦਾ ਹੈ।

- ਸੰਪਾਦਕ

ਜੋਗੇ ਭੰਗਲ ਦੀਆਂ ਮਿੰਨੀ ਕਹਾਣੀਆਂ

ਪੂਛ

ਮੈਂ ਬੱਸੋਂ ਉਤਰ ਕੇ ਮਨ 'ਚ ਸੋਚਦਾਂ ਜਾਵਾਂ ਕਿ ਚਲੋ ਅੱਜ ਕਾਗਜ਼-ਪੱਤਰ ਦਿਖਾ ਕੇ, ਹਾਜਰੀ ਜਿਹੀ ਲਵਾਂਦਿਆਂ, ਜ਼ਾਬਤਾ ਪੂਰਾ ਕਰ ਜਾਨੇ ਆਂ। ਜੇ ਕੋਈ ਹੋਰ ਕਾਗਜ਼-ਪੱਤਰ ਲੋੜੀਂਦਾ ਹੋਏ ਤਾਂ ਪਤਾ ਲੱਗ ਜਊ। ਚਾਰ-ਪੰਜ ਗੇੜੇ ਤਾਂ ਇਨ੍ਹਾਂ ਉਂਜ ਵੀ ਲੁਆਣੇ ਹੀ ਲੁਆਣੇ ਹੁੰਦੇ। ਅਗਲ਼ੇ ਦੀਆਂ ਘੀਸੀਆਂ ਕਰਾ ਕੇ, ਉਹਨੂੰ ਆਪਣੀ ਮੁੱਠੀ ਗਰਮ ਕਰਾਣ ਲਈ ਲਾਈਨ 'ਤੇ ਲਿਆਣਾ ਕਿ ਅਗਲਾ ਆਪਣੇ ਮੂੰਹੋਂ ਆਪ ਫੁੱਟੇ ਕਿ ਬਾਊ ਜੀ, ਜਿੱਦਾਂ ਕਹੋ, ਮੈਂ ਹਾਜ਼ਰ ਆਂ। ਜੇ ਕਿਸੇ ਮੇਰੇ ਵਰਗੇ ਖਿਝੇ ਤੋਂ ਕਿਤੇ ਮੋਰ੍ਹਿਉਂ ਗੁਸਤਾਖ਼ੀ ਹੋ ਜਾਂਦੀ ਤਾਂ ਉਪਦੇਸ਼ ਦਊਗੇ- ਠੰਢੇ ਰਹਿ ਕੇ ਦਫ਼ਤਰਾਂ 'ਚ ਕੰਮ ਹੁੰਦੇ। ਆਪ ਅਗਲੇ ਨੂੰ ਮੋਰ੍ਹਿਉਂ ਭੱਜ-ਭੱਜ ਪੈਂਦੇ, ਜਿੱਦਾਂ ਇਨ੍ਹਾਂ ਦਾ ਆਪ ਲੋਹੇ-ਲਾਖ਼ੇ ਹੋਣਾ ਕੋਈ ਜਨਮ-ਸਿੱਧ ਅਧਿਕਾਰ ਹੁੰਦ। ਮੇਰੀ ਆਹ ਤੀਜੀ ਵਾਰ ਪੈਨਸ਼ਨ ਰਿਵਾਈਜ਼ ਹੋਈ। ਪਹਿਲਾਂ ਹੋਈਆਂ ਖ਼ੱਜਲ-ਖ਼ੁਆਰੀਆਂ ਨੂੰ ਭਾਂਪਦਿਆਂ ਹੀ ਮੈਂ ਅੰਦਾਜ਼ਾ ਲਾ ਰਿਹਾ ਸੀ ਕਿ ਕੁੱਤੇ ਦੀ ਪੂਛ ਕਦੇ ਸਿੱਧੀ ਨਈਂ ਹੋ ਸਕਦੀ। ਇਸ ਲਈ ਮੈਂ ਦਫ਼ਤਰ ਦੇ ਅੰਦਰ ਵੜਨ ਤੋਂ ਪਹਿਲਾਂ ਖੜਕਦੇ ਨੋਟ ਆਪਣੀ ਮੁੱਠੀ 'ਚ ਘੁੱਟ ਲਏ।

ਅੱਜ ਜਾ ਕੇ ਜਦ ਮੈਂ ਡੀਲਿੰਗ ਹੈਂਡ ਨੂੰ ਮਿਲ਼ਿਆ ਤਾਂ ਪੰਜ ਮਿੰਟ ਵੀ ਨਾ ਲੱਗੇ। ਕੋਈ ਨਵਾਂ ਬੰਦਾ ਡੀਲ ਕਰ ਰਿਹਾ ਸੀ। ਮੈਂ ਕੰਬਦਾ ਜਿਹਾ, ਉਹਨੂੰ ਦਿਖਾਉਣ ਲਈ ਆਪਣੇ ਪੇਪਰ ਕੱਢ ਕੇ ਉਹਦੇ ਮੋਰ੍ਹੇ ਰੱਖਣ ਲੱਗਾ, ਨਾਲ਼ ਪੂਣੀ ਬਣਾਏ ਨੋਟ ਵੀ.... , ਬਈ ਇਹਦੇ ਹੋਰ ਕੋਈ ਅੜਿਚ ਡਾਹਣ ਤੋਂ ਪਹਿਲਾਂ ਹੀ ਉਹਦਾ ਮੂੰਹ ਬੰਦ .....।

ਅੰਕਲ ! ਰੈਨ੍ਹ ਦਿਓ ਪੇਪਰ-ਪੂਪਰ, ਇਨ੍ਹਾਂ ਦੀ ਲੋੜ ਨਈਂ। ਤੁਹਾਡਾ ਰਿਕਾਰਡ ਪਹਿਲੋਂ ਸਾਡੇ ਕੋਲ ਫੀਡ ਏ। ਤੁਸੀਂ ਬੈਂਕ 'ਚ ਜਾ ਕੇ ਆਪਣੀ ਰਿਵਾਈਜ਼ ਪੈਨਸ਼ਨ ਬਾਰੇ ਪਤਾ ਕਰੋ।

'ਹੈਂ ! ਕਿਸੇ ਪੇਪਰ ਦੀ ਵੀ ਲੋੜ ਨਈਂ .....?'

ਮੈਖਿਆ ਲੈ ਬਈ ਗੱਲ ਬਣ ਗਈ। ਪੂਣੀ ਆਪਣਾ ਕੰਮ ਕਰ ਗਈ। ਮੇਰਾ ਅੰਦਰ 'ਗਾਂਧੀ-ਜ਼ਿੰਦਾਬਾਦ' ਦੇ ਨਾਰ੍ਹੇ ਲਾ ਰਿਹਾ ਸੀ।.....ਲੋੜ ਹੋ ਈ ਨਈਂ ਸਕਦੀ, ਜਦ ਗਾਂਧੀ-ਪੇਪਰ ਨਾਲ਼ ਲੱਗਾ। ਇਹਦਾ ਵਜ਼ਨ ਕਿਸੇ ਨੂੰ ਵੀ ਝੁਕਾ ਸਕਦਾ।

ਫਿਰ ਜਦ ਉਹਨੇ ਨੋਟਾਂ ਦੀ ਪੂਣੀ ਖੋਲ੍ਹੀ, ਮੈਨੂੰ ਲੱਗਾ ਜਿਵੇਂ ਗਾਂਧੀ ਜੀ ਭੜਕ ਪਏ ਤੇ ਮੇਰੇ ਖ਼ਿਲਾਫ਼ ਅਸਹਿਯੋਗ-ਅੰਦੋਲਨ ਸ਼ੁਰੂ ਕਰਨ ਲੱਗੇ ਹੋਣ। ਆਹ ਨਾਲ਼ ਦੀ ਬਿਲਡਿੰਗ 'ਚ ਵਿਜੀਲੈਂਸ ਵਾਲ਼ਿਆਂ ਦਾ ਦਫ਼ਤਰ .....। ਮੈਂ ਰਿਸ਼ਵਤ ਦੇਣ ਦੇ ਚੱਕਰ 'ਚ ਬੁਆਨੂੰ....., ਉਹਨੇ ਤਾਂ ਉਨ੍ਹਾਂ ਨੂੰ ਕਰਨ ਲਈ ਫ਼ੋਨ ਚੁੱਕ ਲਿਆ।

ਮੈਂ ਤਾਂ ਕਾਕਾ ਤੇਰਾ ਕੰਮ ਦੇਖ ਕੇ ਤੈਨੂੰ ਇਨਾਮ ਦੇ ਰਿਹਾ ਸੀ। ਕੁਦਰਤੀਓਂ ਮੈਨੂੰ ਸਮੇਂ 'ਤੇ ਫੁਰ ਗਈ, ਤਾਂ ਮੇਰਾ ਬਚਾਅ ਹੋ ਗਿਆ। ਮੈਂ ਉਹਨੂੰ ਥਾਪੀ ਦਿੰਦਿਆਂ ਤਰਲਾ ਲਿਆ ਤਾਂ ਉਹ ਰੇਲ੍ਹੀ ਆਇਆ।

ਮੈਨੂੰ ਕਹਿਣ ਜਾਂ ਕਰਨ ਲਈ ਹੋਰ ਕੁਝ ਨਾ ਸੁੱਝਿਆ। ਫਟਾਫਟ ਉੱਥੋਂ ਦੌੜਨ ਦੀ ਕੀਤੀ। ਮਨ 'ਚ ਪ੍ਰਸ਼ਨ ਉਠ ਰਿਹਾ ਸੀ- 'ਕੁੱਤੇ ਦੀ ਪੂਛ ਸਿੱਧੀ ਕਿਮੇ .....।' ਪਹਿਲੀ ਵਾਰ ਮੈਂ ਕੁੱਤੇ ਦੀ ਸਿੱਧੀ ਹੋਈ ਪੂਛ ਦੇਖ ਰਿਹਾ ਸੀ।

ਘੰਟੀ ਨਈਂ ਮਾਰਨੀ

ਮੈਂ ਅਜੇ ਨਵਾਂ-ਨਵਾਂ ਹੀ ਪ੍ਰਮੋਟ ਹੋਣ ਉਪਰੰਤ ਬਤੌਰ ਸੁਪਰਡੈਂਟ ਕਾਲਜ ਹਾਜ਼ਰ ਹੋਇਆ। ਉੱਥੇ ਇਕ ਪ੍ਰੋਫ਼ੈਸਰ ਨਵਤੇਜ ਸਿੰਘ ਗਿੱਲ ਨੂੰ ਦਫ਼ਤਰੀ ਸਟਾਫ਼ 'ਘੌਂਟੀ-ਘੌਂਟੀ' ਕਹੇ। ਮੈਂ ਉਨ੍ਹਾਂ ਨੂੰ ਕਿਹਾ ਵੀ ਪਈ ਚਲੋ ਛੱਡੋ, ਸਿਆਣੇ-ਬਿਆਣੇ .....। ਇੰਜ ਨਾਂਅ ਕੁ ਨਾਂਅ ਨਈਂ ਪਾਈਦੇ।

ਪਰ ਮੈਂ ਵੈਸੇ ਹੀ ਨਾਲਜ ਸੇਕ ਪੁੱਛ ਲਿਆ ਕਿ ਇਹ ਘੰਟੀ ਦਾ ਕੀ ਚੱਕਰ ....। ਇਕ ਐੱਸ ਐੱਲ ਏ ਰਮੇਸ਼ ਹੱਸਦਾ-ਹੱਸਦਾ ਕਹਿੰਦਾ—ਚੱਕਰ ਇਹਦਾ ਆਪਣਾ ਪਾਇਆ ਹੋਇਆ ਸੁਪਰਡੈਂਟ ਸਾਬ੍ਹ। ਇਹਨੂੰ ਨਮੀਂ-ਨਮੀਂ ਪ੍ਰੋਫ਼ੈਸਰੀ ਕਾਢ੍ਹੀ ਮਿਲ਼ੀ, 'ਫੂੰ-ਫਾਂ' ਈ ਨਾ ਮਾਣ ਇਹਦੀ। ਅਖੇ, ਖ਼ਾਸਕਰ ਜੇੜ੍ਹਾ ਬੰਦਾ ਹੇਠਲੇ ਡੰਡੇ ਤੋਂ 'ਤਾਹ ਗਿਆ ਹੋਏ, ਉਹਨੂੰ ਥੱਲੜਿਆਂ ਦੀ ਪਰਾਬਲਮ, ਮਾਣ-ਮਰਿਆਦਾ ਨੂੰ ਸਮਝਣਾ ਚਾਈਦਾ। ਅਖੇ, ਮੈਂ ਪ੍ਰੋਫ਼ੈਸਰ....।

ਅਸੀਂ ਸੋਚਿਆ ਪਈ ਪ੍ਰੋਫ਼ੈਸਰ ਹੋਏਂਗਾ ਆਪਣੀ ਥਾਂ। ਤਨਖਾਹ ਜ਼ਿਆਦਾ ਮਿਲ਼ਦੀ ਹਊਗੀ ਆਪਣੇ ਲਈ, ਅਸੀਂ ਕੇੜ੍ਹਾ ਤੇਰੇ ਖਾਣ ਜਾਣਾ। ਕਹਿੰਦਾ ਮੈਥੋਂ 'ਵਾਜ਼ਾਂ ਮਾਰ ਕੇ ਨਈਂ ਬੁਲਾ ਹੁੰਦਾ। ਅਖੇ ਇਹਨੇ ਪ੍ਰੋਫ਼ੈਸਰੀ ਦੇ ਚੱਕਿਓ ਨੇ ਸਾਨੂੰ ਬੁਲਾਣ ਲਈ ਘੌਂਟੀ ਲੈ ਆਂਦੀ। ਘੌਂਟੀ ਵਜਾਣੀ—ਮੇਰੀ ਐਨਕ ਫਲਾਨੇ ਥੈਂ ਰਹਿ ਗਈ, ਲਿਆਇਓ। ਕਦੀ ਮੇਰੀ ਕਿਤਾਬ ਲਿਆਇਓ। ਕਦੇ ਮੇਰਾ ਪੈਂਨ, ਕਦੀ ਮੇਰੀ ਚਾਹ ਲਿਆਓ। ਕਦੀ ਆਹ ਲਿਆਓ, ਕਦੇ ਔਹ ਲਿਆਓ .....। ਉਹ ਐੱਸ ਐੱਲ ਏ ਕੈਂਦ੍ਹਾ, ਇਕ ਦਿਨ ਮੈਂ ਆਖ਼ਰ ਭਰਿਆ-ਪੀਤਾ ਉਬਲ ਪਿਆ।

ਪ੍ਰੋਫ਼ੈਸਰ ਸਾਬ੍ਹ ! ਪਹਿਲਾਂ ਤਾਂ ਆਹ ਘੌਂਟੀ ਮਾਰਨੀ ਬੰਦ ਕਰੋ। ਤੁਸੀਂ ਕੋਈ ਸਾਡੇ ਆਕਾ ਨਈਂ ਕਿ ਘੌਂਟੀ ਮਾਰੀ ਹਾਜ਼ਰ। ਬੁਆਡੇ ਅਰਗੇ ਬੰਦੇ ਆਂ। ਮੈਂ ਆਪਣੀ ਲੈਬ ਦਾ ਐੱਸ ਐੱਲ ਏ ਆਂ, ਬੁਆਡਾ ਨੌਕਰ ਨਈਂ, ਬੁਆਡੇ ਜਿਹਾ ਈ ਮੁਲਾਜ਼ਮ.....। ਘੌਂਟੀ ਅਸੀਂ ਸਿਰਫ਼ ਪ੍ਰਿੰਸੀਪਲ ਦੀ ਸੁਣਦੇ ਹੁੰਨੇ। ਉਹ ਅਫ਼ਸਰ ....., ਬਾਕੀਆਂ ਦਾ ਅਸੀਂ ਆਪਣਾ ਸਾਂਝਾ ਭਾਈਚਾਰਾ ਮੰਨਦੇ। ਆਪਣੇ-ਆਪ ਨੂੰ ਕੋਈ ਅਲੱਗ ਸ਼ੈਅ ਨਾ ਸਮਝੋ।

ਪਲੀਜ਼, ਤੁਸੀਂ ਸਾਨੂੰ ਅੱਗੇ ਤੋਂ ਮੂੰਹ ਨਾਲ਼ ਬੇਨਤੀ ਕਰਨੀ ਆ।

ਅਖੇ, ਥੋੜ੍ਹੇ ਕੁ ਚਿਰ ਲਈ ਸ਼ਰਮਿੰਦਾ ਹੋਇਆ। ਚਲੋ, ਘੱਟੋ-ਘੱਟ ਐਨਕ ਤਾਂ ਡੋਰੀ ਪਾ ਕੇ ਗਲ਼ੇ 'ਚ ਲਟਕਾਣੀ ਸ਼ੁਰੂ ਕਰ'ਤੀ।

ਇਹਨੇ ਟਲ਼ੇ-ਟਲ਼ੇ ਨੇ ਇਕ ਦਿਨ ਫੇ ਫ਼ੰਨ ਚੱਕ ਲਿਆ। ਫੇ ਅਸੀਂ ਖਿਝਿਆਂ ਉਹਦੀ ਘੌਂਟੀ ਈ ਤੋੜ'ਤੀ। ਤਾਂ ਜਾ ਕੇ ਟਲ਼ਿਆ। ਟਲ਼ਿਆ-ਟਲ਼ਿਆ ਤਾਂ ਪ੍ਰਿੰਸੀਪਲ ਕੋਲ ਜਾ ਸ਼ਕੈਤ ਲਾਈ। ਅਖੇ- ਦੇਖੋ ਜੀ, ਬੁਆਡਾ ਥਲੜਾ ਸਟਾਫ਼, ਮੈਨੂੰ ਪ੍ਰੋਫ਼ੈਸਰ ਨਈਂ ਮੰਨਦਾ। ਕਈ ਵਾਰ ਉਹਨੇ, ਬੇਸ਼ੱਕ ਪ੍ਰਿੰਸੀਪਲ ਨੂੰ ਵੀ ਅੱਖਾਂ ਦਿਖਾਈਆਂ ਸਨ, ਪਰ ਫੇਰ ਵੀ ਉਨ੍ਹਾ ਦਫ਼ਤਰੀ ਸਟਾਫ਼ ਨੂੰ ਸੱਦ ਕੇ ਬੇਨਤੀ ਕਰਦਿਆਂ ਉਹਦਾ ਮਾਣ ਰੱਖਣ ਲਈ ਉਹਦੀਆਂ ਅੱਖਾਂ ਪੁੰਝੀਆਂ।

ਅਖੇ—ਅਸੀਂ ਸੋਚਿਆ, ਹੁਣ ਬੰਦਾ ਬਣਿਆ ਰਹੂ, ਪਰ ਉਹਨੇ ਨਮੀਂ ਘੌਂਟੀ ਲਿਆ ਕੇ ਫੇ ਖੜਕਾਣੀ ਸ਼ੁਰੂ ਕਰ'ਤੀ।

ਅਸੀਂ ਫੇ ਸੁਣ ਕੇ ਅਣਸੁਣੀ ਕਰਨ ਲੱਗੇ। ਆਖ਼ਰ ਉਹਨੂੰ ਘੰਟੀ ਆਪਣੇ ਘਰੇ ਰੱਖਣੀ ਪਈ। ਸ਼ੈਦ ਹੁਣ ਘਰਆਲ਼ੀ ਨੂੰ ਘੌਂਟੀਆਂ ਮਾਰ-ਮਾਰ ਆਪਣਾ ਭੁਸ ਪੂਰਾ ਕਰਦਾ ਹਊ।

ਇਕ ਦਿਨ, ਮੈਂ ਅਜੇ ਸਵੇਰੇ-ਸਵੇਰੇ ਆ ਕੇ ਦਫ਼ਤਰ 'ਚ ਬੈਠਾ। ਇਹ ਆਪਣੇ 'ਘੌਂਟ' ਪ੍ਰੋਫ਼ੈਸਰ ਸਾਬ੍ਹ, ਹੁੰਮਹਮਾਉਂਦੇ ਆਏ- ਸੁਪਰਡੈਂਟ ਸਾਬ੍ਹ ! ਮੇਰੇ ਵਲੋਂ ਤੁਹਾਡੇ ਲਈ ਤੋਫ਼ਾ। ਨਾਲ਼ ਹੀ ਘੰਟੀ ਵਜਾ ਕੇ ਮੇਰੇ ਮੇਜ਼ 'ਤੇ ਰੱਖ ਦਿੱਤੀ। 'ਸ਼ੁਕਰੀਆ' ਕਹਿ ਕੇ ਮੈਂ ਸੋਚੀਂ ਪੈ ਗਿਆ। ਮੈਖਿਆ ਲੱਗਦੈ, ਘਰਵਾਲ਼ੀ ਨੇ ਵੀ ਘੰਟੀ ਸੁਣਨੋਂ .....।

ਮਗਰੇ ਮੈਨੂੰ ਯਾਦ ਆਇਆ, ਜਦੋਂ ਮੈਂ ਸਕੂਲ 'ਚ ਅਜੇ ਨਵੀਂ-ਨਵੀਂ ਨੌਕਰੀ ਸ਼ੁਰੂ ਕੀਤੀ ਸੀ, ਉਦੋਂ ਹੈੱਡਮਾਸਟਰ ਦੀ ਰੀਸੇ ਤੇ ਹੋਰ ਮਾਸਟਰਾਂ ਦੇ ਕਹੇ 'ਤੇ ਮੈਂ ਵੀ ਆਪਣੇ ਦਫ਼ਤਰ 'ਚ ਸੇਵਾਦਾਰਾਂ ਨੂੰ ਬੁਲਾਉਣ ਲਈ ਘੰਟੀ ਰੱਖਣ ਦੀ ਗਲਤੀ ਕਰ ਬੈਠਾ। ਉਨ੍ਹਾਂ ਤਾਂ ਘੰਟੀ ਸੁਣ ਕੇ ਆਉਣਾ ਹੀ ਬੰਦ ਕਰ ਦਿੱਤਾ। ਜਦ ਮੈਂ ਪੁੱਛਿਆ ਤਾ .....। ਉਦੋਂ ਦੀ ਇਕ ਸੇਵਾਦਾਰ ਦੀ ਵਾਰਡਿੰਗ ਜਿਹੀ ਬੇਨਤੀ, ਮੈਨੂੰ ਹੁਣ ਤੱਕ ਯਾਦ ਏ।

ਛਾਤੀ ਠੋਕ ਕੇ ਕਹਿੰਦਾ- ਘੌਂਟੀ ਮਾਰ ਕੇ ਨਈਂ ਬੁਲਾਣਾ ਬਾਊ ਜੀ ! ਬਿਨਾਂ ਘੌਂਟੀ ਤੋਂ ਜਾਨ ਵੀ ਹਾਜ਼ਰ ਆ।

ਕੁਦਰਤੀ, ਉਦੋਂ ਕੁ ਹੀ ਕਾਲਜ 'ਚ ਪ੍ਰਿੰਸੀਪਲ ਸਾਬ੍ਹ ਦੀ ਘੰਟੀ ਖਰਾਬ ਹੋ ਗਈ। ਪ੍ਰੋਫ਼ੈਸਰ ਸਾਬ੍ਹ ! ਪ੍ਰਿੰਸੀਪਲ ਸਾਬ੍ਹ ਨੂੰ ਲੋੜ ਏ ਇਹਦੀ।

ਅੱਛਾ ! ਉਹ ਸਗੋਂ ਉਨ੍ਹਾਂ ਨੂੰ ਦੇਣ ਲਈ ਹੋਰ ਖੁਸ਼ ਹੋ ਗਏ। ਉਦੋਂ ਉਹ ਆਪ ਤਾਂ ਦਫ਼ਤਰ 'ਚ ਨਈਂ ਸਨ, ਪਰ ਪ੍ਰੋਫ਼ੈਸਰ ਸਾਬ੍ਹ ਨੇ ਜਾ ਕੇ ਘੰਟੀ ਉਨ੍ਹਾਂ ਦੇ ਮੇਜ਼ 'ਤੇ ਰੱਖ ਦਿੱਤੀ।

ਪ੍ਰੋਫ਼ੈਸਰ ਸਾਬ੍ਹ ! ਇਹੀ ਇਹਦੀ ਸਹੀ ਜਗ੍ਹਾ ਏ।

ਪ੍ਰੋਫ਼ੈਸਰ ਗਿੱਲ ਸਾਬ੍ਹ, ਬਿਨਾਂ ਕੁਛ ਕਿਹਾਂ ਮੇਰੇ ਵੱਲ ਦੇਖਦੇ, ਮੁਸਕਰਾਉਂਦੇ-ਮੁਸਕਰਾਉਂਦੇ ਆਪਣੀ ਕਲਾਸ ਵੱਲ ਨੂੰ ਤੁਰ ਗਏ।

ਨਾਗ ਵਲ

ਮੈਂ ਉਸ ਦਿਨ ਦਫ਼ਤਰ ਥੋੜ੍ਹਾ ਲੇਟ ਗਿਆ। ਉੱਥੇ ਚੀਕ-ਚਿਹਾੜਾ ਪਿਆ ਹੋਇਆ ਕਿ ਅੰਦਰ 'ਬਾਬਾ'....। ਲੱਭੇ ਹੈ ਨਾ। ਅੰਦਰ ਬਹਿ ਕੇ ਕੰਮ ਕਰਨ ਤੋਂ ਸਭ ਡਰਨ। ਮੈਨੂੰ ਕਹਿਣ ਕਿ ਕਰੋ ਕੋਈ ਹੀਲਾ, ਤਰਕਸ਼ੀਲ ਬਣੀ ਫਿਰਦੇ ਓ। ਇਹਨੂੰ ਲੱਭ ਕੇ ਮਾਰੋ ਛੇਤੀ, ਨਈਂ ਤਾਂ .....।

ਪਰ ਮਾਰਨ ਨੂੰ ਮੋਰ੍ਹੇ ਕੋਈ ਨਾ ਆਏ। ਉਹਨੂੰ ਮਾਰਨ ਨੂੰ ਜੀ ਮੇਰਾ ਵੀ ਨਾ ਕਰੇ। ਹਰ ਕਿਸੇ ਕੋਲ਼ ਹੀ ਨਾਂਹ-ਨੁੱਕਰ ਕਰਨ ਦੇ ਬਹਾਨੇ। ਕੁਝ ਜਣੇ ਖ਼ੁਦ ਨੂੰ ਸ਼ਿਵ ਜੀ ਦੇ ਭਗਤ ਦੱਸੀ ਜਾਣ। ਉਧਰ ਬਾਬਾ ਭੀੜ ਤੋਂ ਡਰਦਾ ਅੰਦਰੋਂ ਬਾਹ੍ਰ ਨਾ ਆਏ, ਡਰਦਾ ਬਾਹ੍ਰੋਂ ਕੋਈ ਅੰਦਰ ਨਾ ਵੜੇ।

ਕੋਲ਼ੇ ਟੈਕਸੀ ਸਟੈਂਡ। ਇਕ ਨੇ ਸੁਝਾਅ ਦਿੱਤਾ, ਅਖੇ—ਕਿਸੇ ਡਰੈਵਰ ਨੂੰ ਲਿਆਉ। ਉਹ ਨਈਂ ਪ੍ਰਵਾਹ ਕਰਦੇ ਬਾਬਿਆਂ-ਬੂਬਿਆਂ ਦੀ। ਪਹਿਲਾਂ ਇਕ ਰਾਹਗੀਰ ਨੂੰ ਬੇਨਤੀ ਕੀਤੀ। ਉਹਨੇ ਤਾਂ ਪੂਰੀ ਗੱਲ ਵੀ ਨਾ ਹੋਣ ਦਿੱਤੀ। ਨਾ ਬਈ ਨਾ, ਸੌਰੀ ! ਮੈਂ ਆਂ ਸ਼ੁਰੂ ਤੋਂ ਅਹਿੰਸਾਵਾਦੀ। ਨਾਲ਼ੇ ਸਾਡੇ ਦਾਦਾ ਜੀ ਉਂਜ ਵੀ ਗਾਂਧੀ ਦੇ ਚੇਲੇ ਰਹੇ, ਮੈਂ ਇਹ ਪਾਪ ਕਿਮੇਂ .....।

ਜਦ ਨੂੰ ਸੇਵਾਦਾਰ ਇਕ ਜਾਣਦੇ ਡਰੈਵਰ ਨੂੰ ਫੜ ਲਿਆਇਆ। ਜਦ ਉਹਨੂੰ ਵਿਚਲੀ ਗੱਲ ਦਾ ਪਤਾ ਲੱਗਾ, ਉਹ ਵੀ ਨਾਂਹ 'ਚ ਸਿਰ ਹਿਲਾਉਂਦਾ ਮੁੜ ਗਿਆ। ਅਖੇ—ਅਸੀਂ ਗੁੱਗੇ ਨੂੰ ਮੰਨਦੇ ਆਂ। ਆਪਣੇ ਪੀਰ ਨੂੰ ਕਿਮੇਂ..... । ਅਸੀਂ ਰੋਜ਼-ਰੋਜ਼ ਗੱਡੀਆਂ ਚਲਾਣੀਆਂ। ਮਾਰਾਜ ਸਾਨੂੰ ਕਿਤੇ ਪੀਰ ਰਾਹ 'ਚ ਫੜ ਕੇ ਬਹਿ ਗਏ ਤਾਂ .....। ਕਹਿੰਦਿਆਂ-ਕਹਿੰਦਿਆਂ ਹੀ ਉਹਨੇ ਖਿਸਕਣ ਦੀ ਕੀਤੀ। ਕੋਈ ਹੋਰ ਬੋਲਿਆ, ਅਖੇ—ਇਹ ਡਰੈਵਰ ਤਾਂ ਹੁੰਦੇ ਈ ਵੈਂਮ੍ਹੀ ਆਂ।

ਕਿਸੇ ਕੋਲ਼ ਖੜ੍ਹੇ ਹੋਰ ਨੇ ਨਾਲ਼ ਦੇ ਦਫ਼ਤਰੋਂ ਕਾਮਰੇਡ ਨੂੰ ਬੁਲਾਉਣ ਦੀ ਸਲਾਹ ਦਿੱਤੀ ਕਿ ਉਹ ਤਾਂ ਸੱਪ ਮਾਰਨ ਲਈ ਲੱਭਦਾ ਫਿਰਦਾ। ਦਫ਼ਤਰ ਦਾ ਇਕ ਮੁਲਾਜ਼ਮ ਚੁਟਕੀ ਵਜਾਉਂਦਾ ਉਹਨੂੰ ਲੈਣ ਤੁਰ ਪਿਆ। ਕਾਮਰੇਡ ਤਾਂ ਸੁਣਦਿਆਂ ਹੀ ਉਸੇ ਵੇਲੇ ਡਾਂਗ ਚੁੱਕ ਕੇ ਨਾਲ਼ ਤੁਰ ਆਇਆ। ਪੰਜ ਕੁ ਮਿੰਟ ਬਾਅਦ ਹੀ ਸੱਪ ਨੂੰ ਪੁੱਠਾ ਕਰ ਕੇ ਡੰਡੇ 'ਤੇ ਲਟਕਾਉਂਦਾ ਬਾਹ੍ਰ ਆ ਗਿਆ। 'ਬਾਬੇ' ਦੀ ਧੜਕਣ ਰੁਕੀ ਤਾਂ ਦਫ਼ਤਰ ਵਾਲ਼ਿਆਂ ਦੀ ਧੜਕਣ ਨਾਰਮਲ ਹੋਈ।

ਹੁਣ ਕਿਸੇ ਨੇ ਥਾਪੀ ਮਾਰਦਿਆਂ ਸੁਝਾਅ ਦਿੱਤਾ- ਇਹਨੂੰ ਪੂਰੇ ਧਾਰਮਕ ਰਹੁ-ਰੀਤੀ ਅਨੁਸਾਰ ਦਫ਼ਨਾਣਾ ਚਾਈਦਾ।

ਕਾਮਰੇਡ ਵਿਅੰਗਮਈ ਜਿਹਾ ਮੁਸਕਰਾਉਂਦਾ, ਕੱਪੜੇ ਝਾੜਦਾ ਤੁਰ ਗਿਆ। ਉੱਥੇ ਖੜ੍ਹੇ-ਖੜ੍ਹੇ ਨੇ ਮੈਂ ਆਪਣਾ ਤਰਕੀ-ਤੀਰ ਛੱਡਦਿਆਂ ਖੜ੍ਹੇ ਪਾਣੀ ਲਾਗਿਉਂ ਗੰਡੋਆ ਉਠਾਇਆ। ਉਹਨੂੰ ਦੋ ਇੱਟਾਂ ਵਿਚਕਾਰ ਦੇ ਕੇ, ਇਕ ਹੋਰ ਇੱਟ ਲੈ ਕੇ ਇੱਟਾਂ 'ਤੇ ਇੱਟ ਮਾਰ ਕੇ ਗੰਡੋਆ ਮਾਰਨ ਲੱਗਾ ਰੁਕ ਗਿਆ। ਮੈਖਿਆ ਜੇ ਮੈਂ ਇਹਨੂੰ ਮਾਰ ਦਿਆਂ ਤਾਂ ਦੱਸੋ-ਗੰਡੋਆ ਮੈਂ ਮਾਰਿਆ ਹਊ ਕਿ ਇੱਟਾਂ ਨੇ ?

ਤੈਂਹੀਂ ਮਾਰਿਆ ਹੋਣਾ, ਇੱਟਾਂ ਦਾ ਕੀ ਦੋਸ਼। ਕਿਸੇ ਦੇ ਮੂੰਹੋਂ ਨਿਕਲ਼ ਗਿਆ।

ਫੇ ਸੱਪ ਵੀ ਤਾਂ ਤੁਸੀਂ ਮਾਰਿਆ, ਦਫ਼ਤਰ ਵਾਲ਼ਿਆਂ ਨੇ, ਕਾਮਰੇਡ ਨੇ ਕਿਮੇਂ ?.....ਉਹਨੂੰ ਸੁਪਨਾ ਆਇਆ ਸੀ! ਤੁਸੀਂ ਲਿਆਏ ਉਹਨੂੰ ਜਾ ਕੇ।

ਸੱਪ ਤਾਂ ਜਿਵੇਂ ਉਨ੍ਹਾਂ ਦੇ ਗਲ਼ 'ਚ ਆ ਲਿਪਟਿਆ। ਕਈ ਮੇਰੀ ਗੱਲ ਦਾ ਵਜ਼ਨ ਤੋਲਦੇ, ਖੜ੍ਹੇ ਹੀ ਕੰਬਣ ਲੱਗ ਪਏ।

ਹਰੀਸ਼ ਚੰਦਰ ਨਈਂ ਬਣਨਾ

ਇਕ ਦਿਨ ਹਾਰ ਕੇ ਮੈਨੂੰ ਅਫ਼ਸਰ ਨੂੰ ਕਹਿਣਾ ਹੀ ਪਿਆ- ਡੀ ਈ ਓ ਮੈਡਮ ਜੀ ! ਮੇਰਾ ਤਾਂ ਕਿਰਾਇਆਂ-ਭਾੜਿਆਂ 'ਤੇ ਖਰਚ ਬਹੁਤ ਹੋਈ ਜਾਂਦਾ, ਕਰੋ ਕੋਈ ਹੀਲਾ....। ਤਨਖਾਹ ਦਾ ਇਕ ਹਿੱਸਾ ਈ .....। ਪਹਿਲਾਂ ਵੀ ਆਨੀਂ-ਬਹਾਨੀਂ ਕਈ ਵਾਰ ਬੇਨਤੀ ਕੀਤੀ, ਪਰ ਉਹ ਟਾਲ਼ਦੀ ਚਲੀ ਗਈ ਤੇ ਇਸ ਵਾਰ ਵੀ ਇਵੇਂ .....।

ਮੈਡਮ ਦੇਖਣ ਨੂੰ ਤਾਂ ਬੜੀ ਸਾਧਾਰਨਤਾ ਦੀ ਮੂਰਤ। ਭੋਲ਼ੀ-ਭਾਲ਼

23-FEB-PAGE-4.qxd 2/22/2025 11:01 PM Page 2

ਪੰਜਾਬ ਅਤੇ ਪਿੰਡ : ਅਤੀਤ ਅਤੇ ਵਰਤਮਾਨ

ਵਿਜੈ ਬੰਬੇਲੀ

ਪੰਜ ਦਰਿਆਵਾਂ ਦੀ ਧਰਤੀ, ਪੰਜਾਬ, ਦੁਨੀਆ ਦੇ ਉਨ੍ਹਾਂ ਕੁੱਝ ਵਿਲੱਖਣ ਖਿੱਤਿਆਂ ਵਿੱਚੋਂ ਹੈ, ਜਿਹੜੇ ਧਰਤੀ ਨੂੰ ਸਬਜ਼ ਰੱਖਣ ਵਾਲੇ ਕੁਦਰਤੀ ਸੋਮਿਆਂ ਵਜੋਂ ਮਾਲਾਮਾਲ ਸਨ/ਹਨ। ਕੁਦਰਤ ਨੇ ਇਸ ਖਿੱਤੇ ਨੂੰ ਜ਼ਰਖੇਜ਼ ਜ਼ਮੀਂ, ਲਬਾਲਬ ਜਲ-ਸੋਮੇ ਅਤੇ ਮਗਰੋਂ, ਸਥਿਤੀਆਂ-ਪ੍ਰਸਥਿਤੀਆਂ ਵੱਸ ਸੰਘਰਸ਼ਮਈ ਅਤੇ ਅਮੀਰ ਵਿਰਸਾ ਬਖਸ਼ਿਆ। ਪੰਜਾਬ ਨਦੀਆਂ ਦਾ ਦੇਸ਼ ਹੈ। ਸਪਤ-ਸਿੰਧੂ, ਪੰਚ-ਨਦ, ਪੰਜ-ਆਬ ਇਸ ਜ਼ਰਖੇਜ਼ ਧਰਤੀ ਦੇ ਹੀ ਨਾਂਅ ਸਨ/ਹਨ। ਪ੍ਰਾਚੀਨ ਸਮਿਆਂ ਵਿਚ ਸਪਤ-ਸਿੰਧੂ ਦੀਆਂ ਭੂਗੋਲਿਕ ਹੱਦਾਂ ਨੂੰ ਇਸ ਦੇ ਦਰਿਆਈ ਵਹਿਣ ਨਿਰਧਾਰਤ ਕਰਦੇ ਰਹੇ। ਇੱਥੋਂ ਦੀ ਮਿੱਟੀ, ਜੰਗਲਾਂ ਅਤੇ ਮੌਸਮੀ ਚੱਕਰ (ਬਹੁ-ਰੁੱਤਾਂ) ਨੇ ਜਿੱਥੇ ਇੱਥੋਂ ਦੇ ਪਦਾਰਥਕ ਸੱਭਿਆਚਾਰ ਨੂੰ ਸਾਰਥਿਕਤਾ ਦਿੱਤੀ, ਉੱਥੇ ਇਸ ਦੀ ਸਾਵੀਂ ਤਾਸੀਰ ਨੇ ਇੱਥੋਂ ਦੇ ਲੋਕਾਂ ਨੂੰ ਉਦਾਰਵਾਦੀ ਮਨੋਬਿਰਤੀ ਪ੍ਰਦਾਨ ਕਰਕੇ ਇਸ ਦੀ ਬੌਧਿਕਤਾ ਤੇ ਨੈਤਿਕਤਾ ਨੂੰ ਸਾਵਾਂ ਹੁਲਾਰਾ ਦਿੱਤਾ।

ਪੰਜਾਬ ਮੁੱਖ ਤੌਰ 'ਤੇ ਪਿੰਡਾਂ ਦਾ ਸਮੂਹ ਸੀ/ਹੈ, ਜਿਹੜੇ ਬਹੁ-ਪਰਤੀ ਜਲ-ਵਹਿਣਾਂ ਲਾਗੇ-ਚਾਗੇ ਵਸੇ-ਪਨਪੇ। ਦਰਿਆਵਾਂ ਨੇ ਕਈ ਪਿੰਡਾਂ ਨੂੰ ਵਸਾਇਆ ਅਤੇ ਕਈਆਂ ਨੂੰ ਉਜਾੜਿਆ। ਦਰਿਆ ਪੰਜਾਬ ਦੀ ਸਾਹ-ਰਗ ਸਨ/ਹਨ। ਇਸ ਦੀ ਜ਼ਰਖੇਜ਼ ਤਾਸੀਰ ਅਤੇ ਇਸ ਦੀ ਜੀਵਨ-ਜਾਚ ਨੂੰ ਸਾਵੇਂ ਪੌਣ-ਪਾਣੀ/ਸੁਖਦ ਜਲਵਾਯੂ ਨੇ ਵਿਆਪਕ ਦ੍ਰਿਸ਼ਟੀਕੋਣ, ਉਦਾਰਵਾਦੀ ਮਨੋਸਥਿਤੀ ਅਤੇ ਲਚਕੀਲਾ ਸੁਭਾਅ ਪ੍ਰਦਾਨ ਕੀਤਾ। ਇਸ ਦੀ ਖੁਸ਼ਹਾਲੀ ਅਤੇ ਬੌਧਿਕ ਤੇ ਰੂਹਾਨੀ ਅਮੀਰੀ ਨੇ ਬਾਹਰਲੀਆਂ ਕੌਮਾਂ ਅਤੇ ਜਾਤ-ਧਰਮ ਸਮੂਹਾਂ ਨੂੰ ਸਦਾ ਹੀ ਆਪਣੇ ਵੱਲ ਆਕਰਸ਼ਿਤ ਕੀਤਾ। ਸਿੱਟੇ ਵਜੋਂ ਇੱਥੋਂ ਦੀਆਂ ਸਹੂਲਤਾਂ, ਫਰਾਖਦਿਲੀਆਂ ਤੇ ਕਮਜ਼ੋਰੀਆਂ ਦਾ ਲਾਹਾ ਖੱਟਣ ਅਤੇ ਆਨੰਦ ਮਾਨਣ ਲਈ ਕਈ ਬਾਹਰੀ ਟੋਲੇ, ਧਾੜਵੀ ਅਤੇ ਰਾਜ ਇੱਥੇ ਆਉਂਦੇ ਅਤੇ ਵੱਸਦੇ ਰਹੇ। ਬਹੁਤੇ ਜ਼ੋਰਾ-ਜਬਰੀ, ਥੋੜ੍ਹੇ ਪੁਸ਼ਤ-ਪਨਾਹ ਵਜੋਂ।

ਪੁਰਾਤਨ ਸਮੇਂ ਤੋਂ ਹੀ ਪੰਜਾਬ ਵਿਚ ਵੱਖ-ਵੱਖ ਸਮੂਹਾਂ, ਕਬੀਲਿਆਂ ਦਾ ਰਾਜ ਰਿਹਾ। ਕਰੀਬ ਢਾਈ ਹਜ਼ਾਰ ਈਸਾ ਪੂਰਵ ਆਰੀਆ ਲੋਕ ਇਸ ਖਿੱਤੇ 'ਤੇ ਧਾੜਵੀਆਂ ਵਜੋਂ ਆਏ, ਉਪਰੰਤ ਇੱਥੇ ਹੀ ਵਸ-ਰਚ ਗਏ। ਪੰਜਾਬ ਦੇ ਕਈ ਕੁਨਬੇ/ਜਾਤਾਂ ਇਸ ਦੇ ਦੋ ਮਹਾਂ-ਘਰਾਣਿਆਂ ਸੂਰਜ ਬੰਸੀ ਅਤੇ ਚੰਦਰ ਬੰਸੀ, ਨਾਲ ਅੰਤਰ-ਸੰਬੰਧਤ ਹੋਣ ਦਾ ਦਾਅਵਾ ਕਰਦੇ ਹਨ। ਮਗਰੋਂ 1000 ਈਸਵੀ ਤੱਕ ਪੰਜਾਬ ਉੱਤੇ ਯੂਨਾਨੀਆਂ, ਮਿਸਰੀਆਂ, ਪਾਰਥੀਆਂ, ਪਹਿਲਵੀਆਂ, ਕੁਸ਼ਾਨਾਂ ਅਤੇ ਹੂਣ ਆਦਿ ਕਬੀਲਿਆਂ ਦਾ ਰਾਜ/ਤਖਤ ਰਿਹਾ ਅਤੇ ਸਮੇਂ ਮੁਜ਼ਬ ਕਈ ਨਗਰ-ਖੇੜੇ ਵਸੇ ਅਤੇ ਸੱਭਿਆਚਾਰ ਉਸਰੇ-ਵਿਗਸੇ, ਕਈ ਤਬਾਹ ਹੋਏ ਅਤੇ ਕਈਆਂ ਦਾ ਪੁਨਰ-ਉਥਾਨ ਹੋਇਆ।

ਇਸ ਧਰਤੀ ਦੀ ਤਾਰੀਖ ਕੁਰਬਾਨੀਆਂ ਅਤੇ ਸ਼ਹੀਦੀਆਂ ਨਾਲ ਲਬਰੇਜ਼ ਅਤੇ ਲੋਕ-ਪੱਖੀ ਸਿਰਲੱਥਤਾ ਨਾਲ ਮਾਲਾ-ਮਾਲ ਹੈ। ਸੰਤ ਅਤੇ ਸੂਰਮਾ, ਪੰਜਾਬ ਨਾਮੀ ਜ਼ਰਖੇਜ਼-ਸਿੱਕੇ ਦੇ ਦੋ ਪਾਸੇ ਹਨ। ਇੱਥੋਂ ਦੀ ਨੈਤਿਕਤਾ ਅਤੇ ਬੌਧਿਕਤਾ ਬੜੀ ਸਵੱਲੀ ਹੈ। ਕੁਦਰਤ ਦੀ ਮਹਿਮਾ ਗਾਉਂਦੇ ਰਿਗਵੇਦ ਅਤੇ ਮਹਾਂਭਾਰਤ ਵਰਗੇ ਨੈਤਿਕ ਸੂਰਮਤਾਈ ਦੇ ਗਰੰਥ ਇਸੇ ਧਰਤੀ ਉੱਤੇ ਰਚੇ ਗਏ। ਇਸ ਧਰਤੀ ਨੂੰ ਮਾਣ ਹੈ ਕਿ "ਵਿਸ਼ਵ ਜੇਤੂ" ਸਿਕੰਦਰ ਨੂੰ, ਜਿਹਲਮ ਅਤੇ ਚਨਾਬ ਦਰਮਿਆਨ, ਮੋੜਾ ਦੇਣ ਵਾਲਾ ਸੂਰਮਾ ਪੋਰਸ ਇਸੇ ਧਰਤ ਦਾ ਹੀ ਪੁੱਤ ਸੀ। ਅਫਸੋਸ! ਕਈ ਕਾਰਨਾਂ, ਸਵੈ-ਕੇਂਦਰਤ ਅਤੇ ਬ੍ਰਾਹਮਣਵਾਦੀ ਵਿਚਾਰਧਾਰਾ ਆਦਿ ਕਰਕੇ ਇਹ ਸਮਾਜਿਕ ਆਪੋ-ਧਾਪੀ ਦਾ ਸ਼ਿਕਾਰ ਹੋ ਗਿਆ, ਜਿਸ ਦਾ ਇਸ ਨੂੰ ਕਰੂਰ ਖਮਿਆਜ਼ਾ ਭੁਗਤਣਾ ਪਿਆ।

ਮੱਧ-ਕਾਲ 'ਚ ਮਹਿਮੂਦ ਗਜ਼ਨਵੀ (1000-1026 ਈ.) ਨੇ ਪੰਜਾਬ ਉੱਤੇ ਛੇਤੀ-ਛੇਤੀ ਕਈ ਹਮਲੇ ਕੀਤੇ ਅਤੇ ਪੰਜਾਬ ਨੂੰ ਬੁਰੀ ਤਰ੍ਹਾਂ ਮਧੋਲਿਆ। ਖਾਸ ਗੱਲ ਇਹ ਵਾਪਰੀ ਕਿ ਉਸ ਦੇ ਸਿਪਾਹ-ਸਿਲਾਰਾਂ ਨਾਲ ਆਏ ਕਈ ਮੁਸਲਿਮ ਅਧਿਆਤਮਵਾਦੀ ਇੱਥੇ ਹੀ ਵਸ-ਰਸ ਗਏ, ਸਮੇਤ ਉਹ ਜਿਹਨਾਂ ਇਧਰਲੀਆਂ ਤੀਵੀਆਂ ਨਾਲ ਕਿਸੇ ਵੀ ਢੰਗ ਵਿਆਹ ਰਚਾ ਲਏ। ਗਜ਼ਨਵੀ ਤੋਂ ਬਾਅਦ ਪੰਜਾਬ ਲਗਾਤਾਰ ਮੁਸਲਮਾਨ ਹੁਕਮਰਾਨਾਂ ਹੇਠ ਰਿਹਾ। ਭਾਵੇਂ ਕਿਸੇ ਨਾ ਕਿਸੇ ਰੂਪ ਵਿਚ ਇਸਲਾਮ ਭਾਰਤ ਵਿਚ 8ਵੀਂ ਸਦੀ 'ਚ ਆ ਢੁੱਕਾ ਸੀ, ਪਰ ਕਿਸੇ ਵੀ ਹੀਲੇ ਇਹ ਗਿਆਰ੍ਹਵੀਂ ਸਦੀ ਵਿਚ ਹੀ ਜਥੇਬੰਦਕ ਰੂਪ ਵਿਚ ਪਸਰਨ ਲੱਗਾ।

ਪੰਜਾਬ ਦੇ ਕਈ ਮਾਧੜ੍ਹ ਲੋਕ ਆਪਣੀਆਂ ਦੁਸ਼ਵਾਰੀਆਂ ਕਾਰਨ ਜਗੀਰਦਾਰ ਘਰਾਣੇ ਲਾਲਚ ਹਿੱਤ, ਖਾਸ ਕਰ ਕੁੱਝ ਜੱਟ ਕੁਨਬੇ, ਮੁਸਲਿਮ ਧਰਮ ਵੱਲ ਅਹੁਲ ਗਏ ਅਤੇ ਉਹ ਮੁਸਲਿਮ ਪੀਰਾਂ-ਫ਼ਕੀਰਾਂ, ਵਿਸ਼ੇਸ਼ ਕਰਕੇ ਸਖੀ ਸਰਵਰ ਨੂੰ ਵੀ ਮੰਨਣ ਲੱਗ ਪਏ। ਇੰਜ ਇਕ ਮਿਲਗੋਭਾ ਜਿਹਾ ਸੱਭਿਆਚਾਰ, ਨਸਲ ਅਤੇ ਜੀਵਨ-ਜਾਚ ਪਨਪਣ ਲੱਗੀ। ਮੁੱਕਦੀ ਗੱਲ; ਵਿਭਿੰਨ ਕੌਮਾਂ/ਨਸਲਾਂ/ਜਾਤੀਆਂ/ਫਿਰਕਿਆਂ ਦੇ ਇੱਥੇ ਆਉਣ ਅਤੇ ਇਸ ਧਰਤੀ ਵਿਚ ਆਪਣੇ-ਆਪ ਨੂੰ ਵਸਾਉਣ-ਰਸਾਉਣ ਨਾਲ ਇੱਥੇ ਕਿਸੇ ਵੀ ਵਰਗ ਵਿਸ਼ੇਸ਼ ਦੀ ਸਰਦਾਰੀ ਨਾ ਰਹੀ, ਚਾਹੇ ਕੋਈ ਕਿੰਨਾ ਵੀ ਦਾਅਵਾ ਕਰੇ, ਇਕ ਨਵੇਂ ਕਿਸਮ ਦੀ ਰਲਵੀਂ ਪਰ ਸਾਵੀਂ ਪੰਜਾਬੀ ਕੌਮ ਵਿਕਸਿਤ ਹੋ ਗਈ। ਹਾਂ; ਇਹ ਅੱਡ ਗੱਲ ਹੈ ਕਿ ਪਰਾਈ ਧਰਤੀ ਤੋਂ ਆਈਆਂ ਪਰਾਈਆਂ ਧਿਰਾਂ, ਖਾਸ ਕਰ ਹਾਕਮਾਂ ਤੋਂ ਬਿਨਾਂ ਆਮ ਲੋਕਾਂ ਖਾਸ ਕਰ ਮੂਲ ਲੋਕਾਈ ਵਿਚ, ਆਪਣੀ ਰਹਿਤਲ 'ਚ ਪਈ ਸਹਿਹੋਂਦ ਬਰਕਰਾਰ ਰਹੀ ਅਤੇ ਹੌਲੀ-ਹੌਲੀ ਸਭ ਧਿਰਾਂ ਦੇ ਆਮ ਖਾਸ ਕਰ ਕਿਰਤੀ-ਸ਼ਿਲਪੀ ਲੋਕਾਂ 'ਚ ਆਪਸੀ ਸਹਿਹੋਂਦ ਵਧਦੀ ਰਹੀ। ਦਰ-ਹਕੀਕਤ ਇਸ ਦੇ ਮੂਲ ਵਿੱਚ ਇੱਥੋਂ ਦੇ ਆਹਲਾ ਭੂਗੋਲਿਕ ਚੌਗਿਰਦੇ ਦਾ ਹੁੰਗਾਰਾ ਸੀ, ਪਰ ਪਿੰਡਾਂ ਵਿਚ ਜਿਹੜੇ ਮੁਸਲਮਾਨ ਬਣ ਜਾਂਦੇ, ਉਹਨਾਂ ਵਿੱਚੋਂ ਕਈ ਖਾਸ ਕਰਕੇ ਸਰਦੇ-ਪੁੱਜਦੇ ਵਿਸ਼ੇਸ਼ ਕਰਕੇ ਹਾਕਮਾਂ ਦੇ ਨੇੜੂ ਲੋਕ ਇੱਥੋਂ ਦੀਆਂ ਮੂਲ ਧਿਰਾਂ ਪ੍ਰਤੀ ਉਪਰਾਮ ਅਤੇ ਹਮਲਾਵਰ ਰਹੇ। ਜ਼ਮੀਨੀ ਅਸਾਮਿਆਂ ਦੇ ਮਾਲਕ ਹੋਣ ਜਾਂ ਹੁਕਮਰਾਨਾਂ ਵੱਲੋਂ ਜਗੀਰਾਂ ਮਿਲਣ ਦੀ ਸੂਰਤ ਵਿਚ ਉਹ ਆਪਣੇ-ਆਪ ਨੂੰ ਹੋਰਾਂ ਤੋਂ ਸੁਪਰ ਹੋਣ ਦਾ ਭਰਮ ਪਾਲਣ ਲੱਗ ਪਏ ਅਤੇ ਪ੍ਰਾਪਤ ਸਹੂਲਤਾਂ ਕਾਰਨ ਕਈ ਪਿੰਡਾਂ ਦੇ ਪਿੰਡ ਪੂਰੇ-ਸੂਰੇ, ਮੁਸਲਿਮ ਯੁਕਤ ਹੋ ਗਏ।

ਛੇ ਮੁਗਲ ਬਾਦਸ਼ਾਹਾਂ ਅਤੇ ਦਸ ਗੁਰੂ ਸਾਹਿਬਾਨਾਂ (1469-1708 ਈ.) ਦਾ ਜੀਵਨ-ਕਾਲ ਇੱਕੋ ਸਮੇਂ ਹੀ ਹੋਇਆ। ਸਿੱਖ ਗੁਰੂਆਂ ਨੇ ਸਿੱਖੀ ਜੀਵਨ-ਜਾਚ ਦਾ ਪ੍ਰਚਾਰ-ਪ੍ਰਸਾਰ, ਖਾਸ ਕਰਕੇ ਪਿੰਡਾਂ ਵਿਚ ਕੀਤਾ। ਇਹ ਗੱਲ ਹਾਕਮ ਧਿਰਾਂ ਨੂੰ ਗਵਾਰਾ ਨਾ ਲੱਗੀ, ਫਲਸਰੂਪ ਸਿੱਖਾਂ ਨੂੰ ਬੜੀਆਂ ਦੁਸ਼ਵਾਰੀਆਂ ਹੰਢਾਉਣੀਆਂ ਪਈਆਂ। ਬਾਬਾ ਬੰਦਾ ਸਿੰਘ ਬਹਾਦੁਰ ਸਮੇਂ ਮੁੜ ਸਿੱਖ ਸਥਾਪਤੀ ਹੋਈ ਅਤੇ ਕਿਰਤੀਆਂ-ਸ਼ਿਲਪੀਆਂ ਵਿਸ਼ੇਸ਼ ਕਰਕੇ ਕਿਸਾਨੀ ਦੀ ਬਾਂਹ ਫੜੀ ਗਈ। ਉਸ ਦੇ ਪੈਰ ਪੰਚਾਇਤੀ ਅਤੇ ਕਿਰਤੀਆ ਰਾਜ ਵੱਲ ਹੀ ਵਧ ਰਹੇ ਸਨ, ਉਸ ਸਫਲ ਵੀ ਹੋ ਜਾਣਾ ਸੀ, ਜੇ "ਆਪਣੇ" ਧੋਖਾ ਨਾ ਦਿੰਦੇ। ਉਸ ਵਕਤ ਕਈ ਮੁਸਲਮਾਨ ਗੁਰਸ਼ਿਆਂ ਦੇ ਪਿੰਡ ਉਜਾੜੇ ਗਏ ਤੇ ਕਈ ਪਿੰਡਾਂ ਦਾ ਪੁਨਰ-ਉਥਾਨ ਹੋਇਆ ਜਾਂ ਨਵੇਂ ਪਿੰਡ ਵਸੇ, ਪਰ ਸਹੀ ਮਾਇਨਿਆਂ ਵਿਚ ਪਿੰਡਾਂ ਦੇ ਪੈਰ ਮਹਾਰਾਜਾ ਰਣਜੀਤ ਸਿੰਘ ਦੇ ਸਥਾਪਤ ਰਾਜ, ਖਾਸ ਕਰਕੇ ਅੰਗਰੇਜ਼ਾਂ ਵਕਤ ਜ਼ਮੀਨੀ ਬੰਦੋਬਸਤ ਉਪਰੰਤ ਸਮੇਂ ਹੀ ਲੱਗੇ ਅਤੇ ਪਿੰਡਾਂ ਦੀ ਤਰੱਕੀ ਦਾ ਪਿੜ ਮੁੜ ਬੱਝ ਗਿਆ, ਜਿਸ ਦਾ ਮੂਲ ਧੁਰਾ ਖੇਤੀ ਸਮੇਤ ਪਸ਼ੂ ਧਨ ਅਤੇ ਖੇਤੀ ਆਧਾਰਤ ਲਘੂ (ਘਰੇਲੂ) ਸਨਅਤ ਸੀ।

ਪੰਜਾਬ ਭਾਰਤ ਦੀ ਆਖ਼ਰੀ ਬਾਦਸ਼ਾਹੀ ਸੀ, ਜਿਹੜਾ 1849 ਨੂੰ ਬਰਤਾਨਵੀ ਰਾਜ ਵਿਚ ਸ਼ਾਤਰ ਢੰਗਾਂ ਨਾਲ, 'ਆਪਣਿਆਂ' ਦੀ ਗ਼ਦਾਰੀ ਤਹਿਤ ਸ਼ਾਮਲ ਕੀਤਾ ਗਿਆ, ਪਰ ਬਰਤਾਨਵੀ ਸਾਮਰਾਜ ਦੇ ਇਸ ਕਦਮ ਨੂੰ ਪੰਜਾਬੀਆਂ ਨੇ ਇਕ ਵੰਗਾਰ ਵਜੋਂ ਲਿਆ ਅਤੇ ਉਹ ਅਣਸਾਵੇਂ ਹਾਲਾਤ ਵਿਚ ਵੀ ਲਗਾਤਾਰ ਕਈ ਰੂਪਾਂ 'ਚ ਅਤੇ ਵੱਖ-ਵੱਖ ਤਨਜ਼ੀਮਾਂ ਤਹਿਤ ਆਜ਼ਾਦੀ ਅਤੇ ਕਿਰਸਾਨੀ ਲਈ ਜੂਝੇ। ਪੰਜਾਬ ਦੀ ਪਰੰਪਰਾਗਤ ਆਰਥਿਕਤਾ, ਜਿਸ ਦਾ ਮੁੱਢਲਾ ਆਧਾਰ 'ਪਿੰਡ ਦੀ ਸਵੈ-ਨਿਰਭਰਤਾ' ਅਤੇ ਖੇਤੀ-ਸੱਭਿਆਚਾਰ ਸੀ, ਦੀ ਬਾਂਹ ਬਰਤਾਨਵੀ ਸਾਮਰਾਜੀ ਨੀਤੀਆਂ ਨੇ ਬੁਰੀ ਤਰ੍ਹਾਂ ਮਰੋੜੀ, ਜਿਸ ਕਾਰਨ ਅਸਲ ਪੰਜਾਬ ਦੀ 'ਪੇਂਡੂ ਆਰਥਿਕਤਾ, ਸਵੈ-ਨਿਰਭਰਤਾ ਅਤੇ ਪੇਂਡੂ ਰਹਿਤਲ' ਬੁਰੀ ਤਰ੍ਹਾਂ ਝੰਬੀ ਗਈ। ਇਹੀ ਵੱਡਾ ਕਾਰਨ ਸੀ ਕਿ ਸੁਤੰਤਰਤਾ ਸੰਗਰਾਮ 'ਚ ਜ਼ਿਆਦਾ ਸੂਹਾ ਹਿੱਸਾ ਪਾਉਣ ਵਾਲੇ ਦੇਸ਼ਭਗਤਾਂ ਜਾਂ ਜਥੇਬੰਦੀਆਂ ਦਾ ਪਿਛੋਕੜ ਅਤੇ ਭਾਰੂ ਧਰਾਤਲ ਪਿੰਡ ਬਣੇ।

'47 'ਚ ਅਸੀਂ ਆਜ਼ਾਦ ਤਾਂ ਹੋਏ, ਪਰ ਬਰਤਾਨਵੀ ਸਾਮਰਾਜੀਆਂ ਅਤੇ ਫਿਰਕੂਆਂ ਦੀਆਂ ਨੀਤੀਆਂ-ਬਦਨੀਤੀਆਂ ਅਤੇ ਰਾਜ ਕਰਨ ਦੀ ਹਿਰਸ ਵਾਲਿਆਂ ਕਾਰਨ ਮੁਲਕ, ਦਰ-ਹਕੀਕਤ; ਬੰਗਾਲ ਅਤੇ ਪੰਜਾਬ ਲੀਰੋ-ਲੀਰ ਹੋ ਗਿਆ। ਬੰਗਾਲੀ ਅਤੇ ਪੰਜਾਬੀ ਕੌਮ 'ਧਰਮ' ਦੇ ਨਾਂਅ ਉੱਤੇ ਵੰਡੀ ਹੀ ਨਹੀਂ ਗਈ, ਸਗੋਂ ਦਸ ਲੱਖ ਦੇ ਕਰੀਬ ਪੰਜਾਬੀ ਮਾਰੇ ਗਏ ਅਤੇ ਦਹਾਕਿਆਂਬੱਧੀ ਦੋਵੇਂ ਪੰਜਾਬ ਤਾਬੇ ਨਾ ਆਏ। ਪਾਕਿਸਤਾਨ ਹਿੱਸੇ 68 ਫੀਸਦੀ (ਬਹੁਤੀ ਨਹਿਰੀ ਅਤੇ ਖੇਤੀ ਵਜੋਂ ਸਵੱਲੀ) ਤੇ ਸਾਡੇ ਹਿੱਸੇ ਕਰੀਬ 32 ਫੀਸਦੀ ਧਰਤ, ਬਹੁਤਾ ਪੇਂਡੂ ਖੇਤਰ ਆਇਆ। ਇਹੀ ਨਹੀਂ; ਪੰਜਾਂ ਦੀ ਥਾਂ ਦਰਿਆ ਵੀ ਸਾਡੇ ਕੋਲ ਢਾਈ ਰਹਿ ਗਏ। ਸੰਤਾਲੀ ਦੇ ਸੰਤਾਪ ਉਪਰੰਤ ਸਾਡੇ ਪੰਜਾਬ ਨੂੰ ਦੋ ਹੋਰ ਦੁਖਾਂਤ ਸਹਿਣੇ ਪਏ। ਅਰਥਾਤ ਭਾਰਤੀ ਉਪ-ਮਹਾਂਦੀਪ ਦੇ ਪੰਜਾਬ ਦੇ ਰਾਜ ਕਰਨ ਦੀਆਂ ਹਿਰਸਾਂ ਕਾਰਨ ਬਿਨਾਂ ਵਾਜਬ-ਵਜਾਹ, ਤਿੰਨ ਟੋਟੇ ਕਰ ਦਿੱਤੇ ਗਏ : ਪਹਿਲਾਂ 1947 ਵਿਚ, ਦੂਜੀ ਵਾਰ 1956 ਵਿਚ ਅਤੇ ਤੀਜੀ ਵਾਰ 1966 ਵਿਚ।

ਫਿਰ ਵੀ ਕਰੀਬ 70ਵੇਂ ਤੱਕ ਪੇਂਡੂ ਅਰਥਚਾਰੇ ਦੇ ਸਾਰੇ ਸਾਧਨ ਅਤੇ ਲੋਕ ਤਾਅ-ਜਾਤਾਂ, ਧਰਮਾਂ ਅਤੇ ਪਿਤਾ-ਪੁਰਖੀ ਕਿੱਤਿਆਂ ਵਾਲਿਆਂ ਨਾਲ ਅੰਤਰ-ਸੰਬੰਧਤ ਅਤੇ ਇੱਕ-ਦੂਜੇ ਉੱਤੇ ਨਿਰਭਰ ਸਨ। ਸਾਰੀਆਂ ਸਮਾਜਿਕ, ਆਰਥਿਕ ਅਤੇ ਨਿੱਜੀ ਸੇਵਾਵਾਂ ਅਤੇ ਜੀਵਨ ਨਿਰਬਾਹ ਲਈ ਲੋੜੀਂਦੀਆਂ ਸਾਰੀਆਂ ਵਸਤਾਂ ਅਤੇ ਸੇਵਾਵਾਂ ਪਿੰਡ 'ਚੋਂ ਜਾਂ ਨਾਲ ਲੱਗਵੇਂ ਵੱਡੇ ਪਿੰਡ ਤੋਂ ਮਿਲ ਜਾਂਦੀਆਂ ਸਨ। ਪਿੰਡ ਆਤਮ-ਨਿਰਭਰ ਸਨ, ਜਿਹੜੇ ਇੱਕ-ਦੂਜੇ ਦੇ ਸਿੱਧੇ-ਅਸਿੱਧੇ ਰੁਜ਼ਗਾਰ ਦੇ ਵੀ ਵਾਹਕ ਸਨ। ਅਰਥਾਤ; ਪਿੰਡ ਸਵੈ-ਕੇਂਦਰਤ ਅਤੇ ਵਾ-ਰੁਜ਼ਗਾਰ ਸਨ। ਭਾਰਤ, ਖਾਸ ਕਰਕੇ ਪੰਜਾਬ ਵੀ, ਜਿਹੜਾ ਪਿੰਡਾਂ ਦਾ ਦੇਸ਼ ਹੈ, ਦੀ ਇਹੋ ਖੂਬਸੂਰਤੀ ਸੀ। ਹੁਣ ਸਾਡੇ ਨਿੱਕੜੇ ਜਿਹੇ ਪੰਜਾਬ ਕੋਲ ਪ੍ਰਾਚੀਨ ਪੰਜਾਬ/ਅਸਲ ਪੰਜਾਬੀ ਕੌਮ ਖਿੱਤੇ ਦਾ ਕਰੀਬ ਤੀਜਾ ਹਿੱਸਾ ਅਤੇ "ਕਹਿਣ" ਨੂੰ ਢਾਈ "ਦਰਿਆ", ਜਿਹੜੇ ਪੰਜਾਬ ਦੀ ਖੇਤੀ ਦੀ ਸਾਹ-ਰਗ ਸਨ, ਹੀ ਹਨ। ਐਸ ਵਕਤ ਪੰਜਾਬ ਵਿਚ ਵਸ ਰਹੇ ਪਿੰਡਾਂ ਦੀ ਗਿਣਤੀ 12581 ਹੈ।

(2)

'47 ਤੋਂ ਪਹਿਲਾਂ ਵਸੋਂ ਬਣਤਰ ਅਨੁਸਾਰ, ਅਕਸਰ ਪਿੰਡ ਦੀ ਮੋੜ੍ਹੀ ਬੰਨ੍ਹਣ ਵਾਲੀ ਧਿਰ ਦੀ ਹੀ ਸੰਬੰਧਤ ਪਿੰਡ ਵਿਚ ਬਹੁਤੀ ਵਸੇਬ ਹੁੰਦੀ ਸੀ। ਭਾਵੇਂ ਕਿ ਹੋਰ ਜਾਤਾਂ ਵੀ ਇੱਥੇ ਆ ਵਸਦੀਆਂ ਰਹੀਆਂ। ਕਾਰਨ ਪੁਰਾਣੇ ਭਾਰਤੀ ਪਿੰਡਾਂ ਵਿੱਚ ਕੋਈ ਵੀ ਜਾਤੀ ਸਵੈ-ਨਿਰਭਰ ਨਹੀਂ ਸੀ। ਉਸ ਨੂੰ ਹੋਰ ਕਿੱਤਾ, ਜਾਤੀਆਂ, ਜਿਹਨਾਂ ਕੋਲ ਵਿਸ਼ੇਸ਼ ਧੰਦਿਆਂ, ਹੁਨਰਾਂ ਜਾਂ ਕੋਈ ਹੋਰ ਮੁਹਾਰਤ ਹੁੰਦੀ ਸੀ, ਦੀ ਲੋੜ ਪੈਂਦੀ ਸੀ। ਉਹਨਾਂ ਦੇ ਵਸੇਬ ਨਾਲ ਹੀ ਕਿਸੇ ਪਿੰਡ ਦੀ ਉਸਾਰੀ ਸੰਪੂਰਨ ਹੁੰਦੀ ਸੀ। ਉਦਾਹਰਣ ਵਜੋਂ ਡੂਮੇਲੀ, ਫਗਵਾੜਾ, ਕਪੂਰਥਲਾ ਵੀ ਇਸ ਪੱਖੋਂ ਸੁਲੱਖਣਾ ਪਿੰਡ ਹੈ। ਇੱਥੇ ਤਾਅ-ਜਾਤਾਂ ਧਰਮ ਵੱਸਦੇ ਸਨ/ਹਨ। ਮੁਸਲਮਾਨਾਂ ਦਾ ਰੈਣ-ਵਸੇਰਾ ਮੁੱਢੋਂ-ਸੁੱਢੋਂ ਸੀ, ਪਰ ਸਨ ਇਹ ਨਿਰੋਲ ਕਾਮੇ। ਗੁੱਜਰ ਭੇਡਾਂ-ਬੱਕਰੀਆਂ ਪਾਲਦੇ। ਅਰਾਂਈ ਸਬਜ਼ੀਆਂ ਉਗਾਉਂਦੇ, ਅੱਧ-ਵਟਾਈ 'ਤੇ ਖੇਤੀ ਕਰਦੇ। ਮਰਾਸੀ ਮਰਸੀਏ ਅਤੇ ਉਸਤਤ ਪੜ੍ਹਦੇ, ਬੰਸਾਂਵਲੀ ਦੱਸਦੇ। ਤੇਲੀ ਕੋਹਲੂ ਬੀੜਦੇ। ਲਲਾਰੀ ਕੱਪੜੇ ਰੰਗਦੇ, ਨਿਲਾਰੀ ਸੂਤ ਨੂੰ ਨੀਲ ਕਰਦੇ। ਕੁੱਝ ਮੁਸਲਿਮ ਲੁਹਾਰਾ ਕੰਮ ਕਰਦੇ, ਬਹੁਤੇ ਕੱਪੜਾ ਬੁਣਦੇ। ਮੁਸਲਮਾਨਾਂ ਦੇ ਆਪਣੇ ਖਰਾਸ ਵੀ ਸਨ। ਭਿੱਤ ਕੁੱਟਣ ਵਿੱਚ ਵੀ ਉਹਨਾਂ ਦਾ ਕੋਈ ਸਾਨੀ ਨਹੀਂ ਸੀ, ਜ਼ਿਆਦਾ ਰੈਣ-ਬਸੇਰੇ ਉਹਨਾਂ ਹੱਥੋਂ ਹੀ ਬਣੇ ਹੋਏ ਸਨ। ਇਹੀ ਨਹੀਂ; ਪਾਂਧਾ ਵਿਆਹ ਪੜ੍ਹਦਾ ਤੇ ਸ਼ਾਹੂਕਾਰ ਗਰਜ਼ ਸਾਰਦਾ। ਨੈਣ ਮੀਂਢੀਆਂ ਗੁੰਦਦੀ ਅਤੇ ਨਾਈ ਵਾਲ-ਸੰਵਾਰ ਦਿੰਦਾ, ਵਿਆਹ-ਪਰ੍ਹੇ ਦਾ ਸੁਨੇਹਾ ਵੀ ਉਹੀ ਲਾਉਂਦੇ ਅਤੇ ਭਾਂਡੇ-ਸਵਾਰੀ ਦਾ ਕੰਮ ਝਿਊਰ ਕਰਦਾ। ਤਰਖਾਣ ਲੱਕੜ ਅਤੇ ਹਲ-ਮੁੰਨੇ ਦੀ ਬਣਵਾਈ ਕਰਦਾ ਅਤੇ ਲੋਹ-ਕਾਰਜ ਲੁਹਾਰਾਂ ਦਾ ਕਿਸਬ ਸੀ। ਪੋਂਜਾ ਰੂੰ ਦਾ ਕੰਮ ਕਰਦਾ ਤੇ ਛੀਬਾਂ ਕੋਰਿਆਂ ਦਾ।

ਭਲਿਆਂ ਵਕਤੀਂ, ਸਭ ਪਿੰਡ ਬੁਨਿਆਦੀ ਸਰੂਪ ਵਿਚ ਇੱਕ-ਦੂਜ